

ਪੈੜਾਂ ਦੇ ਨਕਸ਼
ਕ੍ਰਿਸ਼ਨ ਭਨੋਟ

ਪੌਣਾਂ ਦੇ ਨਕਸ਼

**ਇਸੇ ਕਲਮ ਤੋਂ:**

- ਮਹਿਕ ਦੇ ਹਸਤਾਖ਼ਰ (ਗ਼ਜ਼ਲ ਸੰਗ੍ਰਹਿ)
- ਤਲਖ਼ ਪਲ (ਗ਼ਜ਼ਲ ਸੰਗ੍ਰਹਿ)
- ਜਲ-ਤਰੰਗ (ਗ਼ਜ਼ਲ ਸੰਗ੍ਰਹਿ)
- ਵਿਅੰਗ-ਲੀਲਾ ( ਇੱਕੋ ਵਿਅੰਗ ਗ਼ਜ਼ਲ ਸੰਗ੍ਰਹਿ)
- ਚੁੱਪ ਦਾ ਸੰਗੀਤ (ਗ਼ਜ਼ਲ ਸੰਗ੍ਰਹਿ)
- ਸੋਨੇ ਦੀ ਸਲੀਬ ਤੋਂ (ਗ਼ਜ਼ਲ ਸੰਗ੍ਰਹਿ)
- ਉਮਰ ਦੇ ਵਰਕੇ (ਗ਼ਜ਼ਲ ਸੰਗ੍ਰਹਿ)
- ਗ਼ਜ਼ਲ ਦੀ ਬਣਤਰ ਅਤੇ ਅਰੂਜ਼

# ਪੌਣਾਂ ਦੇ ਨਕਸ਼

ਕ੍ਰਿਸ਼ਨ ਭਨੋਟ

ਸਪਰੈੱਡ ਪਬਲੀਕੇਸ਼ਨ
ਪਟਿਆਲਾ

**POUNAN DE NAKSH**
**(Collection of Ghazals )**

©
By
Krishan Bhanot
Surrey Bc V3 V6 m 9
Canada
Email: krishanbhanot04@gmail.com

**June, 2019**

**ISBN : 978-81-939 '50-5-3**

**Price : - 170/-**

**Proof Reading: Amrinder Singh Sohal**

**Published by: Spread Publication**
**Patiala (Punjab)**
**M. 95016-60416, 96536-36316**
**spreadpublication@gmail.com**

**Printed at:** Aarna Printing Solutions

*All rights Reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copy right reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copy right owner and the above-mentioned publisher of this book.*

# ਸਮਰਪਣ

ਗ਼ਜ਼ਲ ਵਿਧਾ ਨੂੰ ਪ੍ਰਣਾਏ ਹੋਏ

ਅਜ਼ੀਜ਼

ਸ਼ਾਇਰਾਂ ਨੂੰ

# ਤਰਤੀਬ


- ਕਾਹਦੇ ਕਵੀ 9
- ਇਹ ਚਮਤਕਾਰ 10
- ਚਮਕਣ ਤਰੇਲ਼ ਤੁਪਕੇ 11
- ਉਮੰਗਾਂ, ਜਜ਼ਬਿਆਂ, ਰੀਝਾਂ ਦਾ 12
- ਉਹ ਕਿੰਨੀ ਵਾਰ 13
- ਇਨ੍ਹਾਂ ਦੇ ਪੇਟ ਤਾਂ 14
- ਸੁਣਿਉ ਅਕਲਾਂ ਵਾਲ਼ਿਓ 15
- ਕਾਵਿ-ਮਹਾਂ ਸਾਗਰ 'ਚ 16
- ਨੈਣਾਂ 'ਚ ਰਹਿਣ 17
- ਬੜੀ ਕੋਮਲ 18
- ਇਹ ਸੰਵੇਦਨਾ ਦਾ 19
- ਤੁਰਦੇ ਲੋਕੀ 20
- ਘੁੰਡੀ ਇਹ ਖੋਲ੍ਹਣੀ 21
- ਚਲੋ ਜ਼ਰਾ ਹੁਣ 22
- ਜ਼ਿੰਦਗੀ 'ਚ ਕੁਝ ਨਹੀਂ 23
- ਮੰਗੀ ਹੋਈ ਖ਼ੁਸ਼ੀ 24
- ਕਲਮ ਦੇ ਨਾਲ 25
- ਫ਼ੈਸਲਾ ਕਰਿਉ 26
- ਜਿਸ ਨੇ ਕਿ ਕਦੇ ਪੀੜ 27
- ਮਿਰਾ ਚਿੰਤਨ 28
- ਅਪਣੇ ਬੋਲਾਂ ਨਾਲ 29

- ਅਨੰਤ ਭੀੜ 31
- ਜਦੋਂ ਟੁਟਦੈ ਕੁਈ ਰਿਸ਼ਤਾ 32
- ਤੁਰੇ ਜਦ ਆਦਮੀ 33
- ਮਸੀਹਾ, ਪੀਰ, ਪੈਗ਼ੰਬਰ 34
- ਲਹੂ ਦੇ ਨਾਲ 35
- ਮਿਰੇ ਮੱਥੇ 'ਚ 36
- ਇਹ ਦੇਹ ਤਾਂ 37
- ਜਦੋਂ ਅਨੁਭਵ ਕਿਸੇ ਦਾ 38
- ਉਹ ਮੋਢੀਂ ਚੁੱਕ ਕੇ 39
- ਜ਼ਿਹਨ ਦੇ ਅੰਬਰੋਂ 40
- ਅਵਸਥਾ ਹੋ ਰਹੀ ਮਨ ਦੀ 41
- ਨ ਸਾਨੂੰ ਲੋੜ ਹੈ 42
- ਹੋਇਆ ਕੀ ਪੈਰ-ਪੈਰ 'ਤੇ 43
- ਇਹ ਮਿਰਾ ਵਾਅਦਾ ਰਿਹਾ 44
- ਨ ਉਹ ਵਕਤ ਨੂੰ ਹੀ 45
- ਸਾੜਾ, ਕੀਨਾ, ਈਰਖਾ 46
- ਨਫ਼ਾ ਕਮਾਉਣ ਦੀ ਸੋਚਾਂ 47
- ਮੈਂ ਕਹਿੰਦਾ ਕਿਉਂ ਨਹੀਂ 48
- ਸਹਿਜਤਾ, ਉਹ ਸਰਲਤਾ 49
- ਸੁੱਝੇ ਕੁਝ ਉਸ ਘੜੀ 50
- ਅਪਣੀ ਪਛਾਣ ਖ਼ਾਤਿਰ 51
- ਹਰਿਕ ਰਿਸ਼ਤੇ ਦੀਆਂ 52
- ਜ਼ਮੀਰਾਂ ਵਾਲਿਆਂ ਦੇ ਵਿਚ 53
- ਮਨਾਵੋ ਜਸ਼ਨ 54
- ਮੈਂ ਕੇਵਲ ਬਹਿਸ ਦੀ ਖ਼ਾਤਿਰ 55
- ਕਾਫ਼ੀਆ ਨਿਭਾਉਣਾ 56
- ਅੱਠ-ਅੱਠ ਵਰਣ ਜੇ 57
- ਨੱਕ ਹੇਠਾਂ ਉਸ ਦੇ 58
- ਓ ਬਾਦਸ਼ਾਹੋ! 59
- ਜੁ ਅਨੁਭਵ ਹੀ ਨਹੀਂ ਕੀਤਾ 60

- ਪਿਛਾਖੜ ਸੋਚਣੀ ਹੈ 61
- ਨਜ਼ਰ ਹੀ ਪੇਤਲੀ 62
- ਅਸੀਂ ਬਸਤਰ ਨ ਪਹਿਨੇ 63
- ਕਦ ਕਿਸੇ ਦੇ ਦਿਲ ਦੀ 64
- ਪੁੱਛਦੇ ਨੇ ਲੋਕ ਅਕਸਰ 65
- ਦਾਅਵਾ ਉਹ ਇਨਕਲਾਬ ਦਾ 66
- ਚੜ੍ਹ ਕੇ ਆਇਆ ਮੇਘਲਾ 67
- ਭਟਕਦੇ ਰਾਹੀ ਨੂੰ 68
- ਜਿੱਤਣ ਦਾ ਉਹ ਪਲ 69
- ਮਿਰੀ ਔਕਾਤ ਸੀ ਕਿੱਥੇ 70
- ਆਜ਼ਾਦੀ ਬਾਅਦ 71
- ਗਲ਼ੇ ਵਿਚ ਸੁਰ ਨਹੀਂ 72
- ਪਛਾਣੇ ਕੌਣ ਚਿੰਤਕ ਨੂੰ 73
- ਚਲੋ ਇਹ ਮੰਨਦੇ ਹਾਂ 74
- ਓਹੀ ਦੇਵੇ ਰੌਸ਼ਨੀ 75
- ਬਣੀ ਸੰਭਾਵਨਾ ਰਹਿੰਦੀ ਹੈ 76
- ਮੈਂ ਵਗਦੀ ਪੌਣ ਹਾਂ 77
- ਮੈਂ ਅੰਬਰ ਵੀ ਨ ਛੋਹ ਸਕਿਆ 78
- ਕਰੇ ਸ਼ਰਧਾ ਨੇ ਪੈਦਾ 79
- ਅਜੇ ਤਲਵਾਰ ਨੂੰ 80
- ਹਕੀਕਤ ਹੈ 82
- ਰੁਕਾਂ ਮੈਂ ਇਸ ਜਗ੍ਹਾ 83
- ਇਹ ਭਾਵੇਂ ਵਰਤਣੇ 84
- ਜ਼ਰੂਰੀ ਜ਼ਿੰਦਗੀ ਖ਼ਾਤਿਰ 85
- ਜੇ ਇਕ ਪਲ ਮੰਨਦੇ ਮਨ 86
- ਨ ਭੁੱਲਾਂ ਨੂੰ 87
- ਮੁਸੱਵਿਰ ਨੇ ਇਹ ਜ਼ਿੰਮਾ 88

☼

ਕਾਹਦੇ ਕਵੀ ਜੁ ਆਪਣੇ ਅਲਫ਼ਾਜ਼ ਵੇਚਦੇ
ਪੰਛੀ ਕਦੇ ਨ ਆਪਣੀ ਪ੍ਰਵਾਜ਼ ਵੇਚਦੇ

ਕਰਦੇ ਨ ਚੋਣ ਗੀਤ ਦੀ ਕਾਹਦੇ ਗਵੰਤਰੀ
ਕੁਝ ਸਿੱਕਿਆਂ ਦੇ ਵਾਸਤੇ, ਆਵਾਜ਼ ਵੇਚਦੇ

ਗ਼ੱਦਾਰ ਰਾਜਦੂਤ ਉਹ, ਅਫ਼ਸਰ, ਉਹ ਮੰਤਰੀ
ਜਿਹੜੇ ਕਿ ਦੇਸ ਆਪਣੇ ਦੇ ਰਾਜ਼ ਵੇਚਦੇ

ਕੁਰਬਾਨ ਹੋਣ ਉਹ ਕਿਸੇ ਮੰਤਵ ਲਈ ਸਦਾ
ਨਾ ਜਾਨ ਆਪਣੀ ਕਦੇ ਜਾਂਬਾਜ਼ ਵੇਚਦੇ

ਪੈਂਦੀ ਨ ਕਦਰ ਕਿਰਤ ਦੀ ਤਾਂ ਕਰਨ ਹੋਰ ਕੀ
ਕਿਰਤੀ ਇਹ ਕਿਰਤ ਭੁੱਖ ਦੇ ਮੁਹਤਾਜ਼ ਵੇਚਦੇ

ਚੁੰਧਿਆ ਰਹੀ ਬਜ਼ਾਰ ਦੀ ਇਹ ਚਮਕ ਦਮਕ ਦੇਖ
ਹੁਣ ਇਸ਼ਤਿਹਾਰ ਜਿਉਣ ਦਾ ਅੰਦਾਜ਼ ਵੇਚਦੇ

ਵਿਉਪਾਰ ਬਣ ਗਈ ਕਲਾ, ਕੁਝ ਕ੍ਰਿਸ਼ਨ ਕਲਾਕਾਰ
ਹੁਣ ਚੁਹਲ ਮੁਹਲ ਵੇਚਦੇ ਨੇ, ਨਾਜ਼ ਵੇਚਦੇ

●

☼

ਇਹ ਚਮਤਕਾਰ, ਕਰਾਮਾਤ, ਕਿਵੇਂ ਪੇਸ਼ ਕਰਾਂ
ਕਿ ਮੈਂ ਨੈਣਾਂ ਦੀ ਮੁਲਾਕਾਤ, ਕਿਵੇਂ ਪੇਸ਼ ਕਰਾਂ

ਇਹ ਤਾਂ ਖ਼ੁਸ਼ਬੂ ਹੈ, ਜੁ ਅਲਫ਼ਾਜ਼ ਦੀ ਮੁਹਤਾਜ਼ ਨਹੀਂ
ਇਹ ਮੁਹੱਬਤ ਦੇ ਮੈਂ ਖ਼ਿਆਲਾਤ, ਕਿਵੇਂ ਪੇਸ਼ ਕਰਾਂ

ਮੈਂ ਦੁਬਿੱਧਾ 'ਚ ਬਹੁਤ, ਪੀੜ ਕਿਵੇਂ ਮਨ ਦੀ ਕਹਾਂ
ਕਿ ਸੁਲਘਦੇ ਮੈਂ ਇਹ ਜਜ਼ਬਾਤ, ਕਿਵੇਂ ਪੇਸ਼ ਕਰਾਂ

ਇਹ ਸਿਆਸਤ ਕਿ ਸਕੇ ਬਾਪ 'ਤੇ ਇਤਬਾਰ ਨਹੀਂ
ਮੈਂ ਸਿਆਸਤ ਦੀ ਇਹ ਸ਼ਹਿ ਮਾਤ, ਕਿਵੇਂ ਪੇਸ਼ ਕਰਾਂ

ਨ ਮਿਰੇ ਮਨ 'ਚ, ਨ ਖ਼ਿਆਲਾਂ 'ਚ, ਨ ਅਹਿਸਾਸ 'ਚ ਜੋ
ਮੈਂ ਉਹ ਅੰਦਾਜ਼, ਉਹ ਗੱਲਬਾਤ, ਕਿਵੇਂ ਪੇਸ਼ ਕਰਾਂ

ਮੈਂ ਅਜੇ ਯੋਗ ਨ, ਤੈਨੂੰ ਜੁ ਖ਼ੁਸ਼ੀ ਭੇਂਟ ਕਰਾਂ
ਤੇ ਮੈਂ ਹੰਝੂਆਂ ਦੀ ਇਹ ਸੌਗਾਤ, ਕਿਵੇਂ ਪੇਸ਼ ਕਰਾਂ

ਜੇ ਹਿਆਤੀ 'ਚ ਮਿਰੇ ਕ੍ਰਿਸ਼ਨ ਹਨੇਰਾ ਹੈ ਅਜੇ
ਤਾਂ ਮੈਂ ਸ਼ਿਅਰਾਂ 'ਚ ਇਹ ਪਰਭਾਤ, ਕਿਵੇਂ ਪੇਸ਼ ਕਰਾਂ

●

ਚਮਕਣ ਤਰੇਲ਼ ਤੁਪਕੇ, ਜੀਕਣ ਗੁਲਾਬ ਉੱਤੇ
ਪਾਣੀ ਦੀਆਂ ਇਹ ਬੂੰਦਾਂ, ਮੁਖੜੇ ਮਤਾਬ ਉੱਤੇ

ਜੌਂਹਰੀ ਕੁਈ ਜੇ ਇਸ ਨੂੰ, ਛਿੱਲਦਾ ਤਰਾਸ਼ਦਾ ਨਾ
ਕਿੱਥੇ ਸੀ ਚਮਕ ਆਉਂਣੀ, ਹੀਰੇ ਨਯਾਬ ਉੱਤੇ

ਸੂਰਤ ਦੇ ਨਾਲ ਸੀਰਤ, ਹੋਵੇ ਜੇ ਖ਼ੂਬਸੂਰਤ
ਆਉਂਦੈ ਨਿਖਾਰ ਦੂਣਾ,ਇਉਂ ਰੋਅਬ ਦਾਅਬ ਉੱਤੇ

ਦਿਸਦਾ ਨ ਸਾਫ਼ ਕੁਝ ਹੁਣ,ਉਹ ਵੀ ਕਦੇ ਸਮਾਂ ਸੀ
ਮੇਲੇ ਜਦੋਂ ਸੀ ਲਗਦੇ, ਨੈਣਾਂ ਦੀ ਢਾਬ ਉੱਤੇ

ਖ਼ੁਦ ਏ. ਸੀ. ਕਮਰਿਆਂ ਵਿਚ,ਪੀਂਦੇ ਨੇ ਰੋਜ਼ ਵਿਸਕੀ
ਕਰਦੇ ਨੇ ਬਹਿਸ ਅਕਸਰ,ਉਹ ਇਨਕਲਾਬ ਉੱਤੇ

ਕਾਰਾਂ ਦੀ, ਕੱਪੜਿਆਂ ਦੀ, ਦਾਰੂ ਦੀ ਗੱਲ ਤੁਰਦੀ
ਚਲਦੀ ਨ ਗੱਲ ਕੋਈ, ਕਿੱਧਰੇ ਕਿਤਾਬ ਉੱਤੇ

ਇਉਂ ਹੱਥ ਆਪਣੇ ਵੀ, ਲੂਹ ਲੈਣਗੇ ਕਿਸੇ ਦਿਨ
ਜੋ ਖੇਡਦੇ ਸਿਆਸਤ, ਬਲ਼ਦੇ ਪੰਜਾਬ ਉੱਤੇ

ਨ ਵਲ਼ ਫ਼ਰੇਬ ਕਰੀਏ, ਕਹੀਏ ਜੁ ਮਨ 'ਚ ਆਈ
ਕੋਈ ਗਿਲ੍ਹਾ ਕਰੇ ਨਾ, ਜਟਕੇ ਹਿਸਾਬ ਉੱਤੇ

ਉਹ ਕ੍ਰਿਸ਼ਨ ਇੱਟ ਵਰਗਾ, ਦਿੰਦੈ ਜਵਾਬ ਘੜ੍ਹ ਕੇ
ਕਰੀਏ ਸਵਾਲ ਕਿਹੜਾ, ਹਾਜ਼ਰ ਜਵਾਬ ਉੱਤੇ

☼

ਉਮੰਗਾਂ, ਜਜ਼ਬਿਆਂ, ਰੀਝਾਂ ਦਾ ਜੇ ਇਜ਼ਹਾਰ ਨਾ ਹੋਇਆ
ਭਲਾ ਉਹ ਸ਼ਾਇਰੀ ਕੀ ਹੈ , ਜੇ ਮਨ ਸ਼ਰਸ਼ਾਰ ਨ ਹੋਇਆ

ਸਮੁੰਦਰ ਪਾਰ ਕਰ ਆਏ ਅਸੀਂ, ਕਹਿਣੀ ਤੇ ਕਰਨੀ ਦਾ
ਰਿਹਾ ਜੋ ਫ਼ਾਸਲਾ, ਉਹ ਫ਼ਾਸਲਾ ਤਾਂ ਪਾਰ ਨ ਹੋਇਆ

ਬਦਲਿਆ ਹੈ ਅਸੀਂ ਬੇਸ਼ੱਕ ਅਪਣੇ ਜਿਉਣ ਦਾ ਪੱਧਰ
ਨ ਅਪਣੀ ਸੋਚਣੀ ਬਦਲੀ, ਬਦਲ ਕਿਰਦਾਰ ਨ ਹੋਇਆ

ਯਕੀਨਨ ਹੀ ਅਸੀਂ ਮਾਰੇ ਬੜੇ ਸ਼ੈਤਾਨ ਦੇ ਪੱਥਰ
ਯਕੀਨਨ ਹੀ ਮਨੋਂ ਸ਼ੈਤਾਨ ਸਾਥੋਂ, ਮਾਰ ਨ ਹੋਇਆ

ਬਣੇ ਪਾਠੀ ਅਸੀਂ, ਨਾ ਬਣ ਸਕੇ ਪਾਠਕ ਗੁਰੂ ਨਾਨਕ
ਰਹੇ ਜਾਹਲ ਦੇ ਜਾਹਲ, ਸ਼ਬਦ ਅੰਗੀਕਾਰ ਨ ਹੋਇਆ

ਇਹ ਵਿਸ਼ਵੀਕਰਨ ਵਿਚ ਬਾਜ਼ਾਰ ਦਾ ਵਿਸਤਾਰ ਹੀ ਹੋਇਐ
ਮੁਹੱਬਤ ਦਾ, ਮਨੁੱਖੀ ਦਰਦ ਦਾ, ਵਿਸਤਾਰ ਨ ਹੋਇਆ

ਅਨੇਕਾਂ ਮੋੜ 'ਤੇ ਉਤਰਾਅ, ਚੜ੍ਹਾਅ, ਆਉਂਦੇ ਹੀ ਰਹਿੰਦੇ ਨੇ
ਇਹ ਰਸਤਾ ਜ਼ਿੰਦਗੀ ਦਾ ਤਾਂ, ਕਦੇ ਹਮਵਾਰ ਨ ਹੋਇਆ

ਅਜੇ ਮੈਂ ਸ਼ਾਇਰੀ ਦੀ ਕ੍ਰਿਸ਼ਨ ਪੂਣੀ ਵੀ ਨਹੀਂ ਕੱਤੀ
ਕਿਸੇ ਸਨਮਾਨ ਦਾ ਹਾਲੇ ਮੈਂ, ਦਾਅਵੇਦਾਰ ਨ ਹੋਇਆ

●

☼

ਉਹ ਕਿੰਨੀ ਵਾਰ ਜਿਉਂਦਾ ਹੈ, ਉਹ ਕਿੰਨੀ ਵਾਰ ਮਰਦਾ ਹੈ
ਜਦੋਂ ਉਹ ਬੰਸਰੀ-ਵਾਦਕ, ਸੁਰਾਂ ਵਿਚ ਦਰਦ ਭਰਦਾ ਹੈ

ਰਹੇ ਆਉਂਦਾ ਤੇ ਜਾਂਦਾ ਇਹ ਮੁਸਾਫ਼ਿਰ, ਜ਼ਿੰਦਗੀ ਧੜ ਕੇ
ਕਿ ਇਕ ਸਾਹ ਜ਼ਿੰਦਗੀ ਤੇ ਮੌਤ ਦੇ ਵਿਚਕਾਰ ਪਰਦਾ ਹੈ

ਮਿਰੇ ਮਨ ਦੇ ਅਕਾਸ਼ ਉੱਤੇ ਵੀ ਚੜ੍ਹਦੇ ਨੇ ਖ਼ਿਆਲ ਏਦਾਂ
ਜਿਵੇਂ ਪੂਰਬ ਦੀ ਗੁਠੋਂ ਮਲਕੜੇ, ਸੂਰਜ ਉਭਰਦਾ ਹੈ

ਬੜਾ ਬੇਰਹਿਮ ਦਿਲ ਦਾ ਦਰਦ, ਇੱਕੋ ਵਾਰ ਨਾ ਪਿਘਲੇ
ਕਿ ਕਤਰਾ-ਕਤਰਾ ਹੋ ਕੇ, ਬਰਫ਼ ਦਾ ਤੋਦਾ ਇਹ ਖਰਦਾ ਹੈ

ਇਹ ਸ਼ਾਇਰ ਜਾਣਦਾ ਹੈ ਸਿਰਜਣਾ ਦਾ ਮੁੱਲ ਕੀ ਹੁੰਦੈ
ਜਦੋਂ ਉਹ ਸ਼ਿਅਰ ਕਹਿੰਦੈ ਦਿਲ 'ਚ ਜਿਉਂ ਖ਼ੰਜਰ ਉਤਰਦਾ ਹੈ

ਵਰ੍ਹੇ ਲੱਖਾਂ ਹੀ ਲੱਗ ਜਾਂਦੇ ਚਮਕ ਐਵੇਂ ਨਹੀਂ ਆਉਂਦੀ
ਕਿ ਹੀਰਾ ਬਣਨ ਤਕ ਪੱਥਰ ਇਹ ਕਿੰਨਾ ਸੇਕ ਜਰਦਾ ਹੈ

ਜੁ ਕਹਿਣਾ ਚਾਹ ਰਿਹਾਂ ਮੈਂ ਉਹ, ਅਜੇ ਤਕ ਕਹਿ ਨਹੀਂ ਹੋਇਆ
ਤਸੱਵਰ ਵਿਚ ਮਿਰੇ ਜੋ ਖ਼ਿਆਲ ਨਿਤ ਬਣਦਾ, ਸੰਵਰਦਾ ਹੈ

ਸੰਵੇਦਨਸ਼ੀਲ, ਮਨ ਤਾਂ, ਹਰ ਸਮੇਂ ਹੀ ਵੇਦਨਾ ਸਹਿੰਦਾ
ਖ਼ਬਰੇ ਕਿੰਨੀ ਕੁ ਵਾਰੀ ਰੋਜ਼ ਭਵ-ਸਾਗਰ ਉਹ ਤਰਦਾ ਹੈ

ਗ਼ਜ਼ਲ ਦਾ ਸ਼ਾਇਰ ਵੀ ਤਾਂ ਕ੍ਰਿਸ਼ਨ ਇਉਂ ਸ਼ਬਦਾਂ ਦੇ ਨਗ ਜੜਦਾ
ਜਿਵੇਂ ਗਹਿਣੇ 'ਤੇ ਮੀਨਾਕਾਰੀਆਂ ਸੁਨਿਆਰ ਕਰਦਾ ਹੈ

●

☼

ਇਨ੍ਹਾਂ ਦੇ ਪੇਟ ਤਾਂ ਖ਼ਾਲੀ ਨੇ ਐਪਰ ਮਨ ਭਰੇ ਹੋਏ
ਇਹ ਕੈਸਾ ਲੋਕਤੰਤਰ, ਲੋਕ ਨੇ ਸਹਿਮੇ ਡਰੇ ਹੋਏ

ਪਛਾਣੋ ਆਪਣਾ ਦੁਸ਼ਮਣ, ਤਲ਼ੀ ਸਿਰ ਧਰਨ ਤੋਂ ਪਹਿਲਾਂ
ਨਹੀਂ ਬੇਕਾਰ ਜਾਣੇ ਹਨ, ਤਲ਼ੀ 'ਤੇ ਸਿਰ ਧਰੇ ਹੋਏ

ਤੁਸੀਂ ਆਪਸ 'ਚ ਲੜ ਕੇ ਫੇਰ ਮਰ ਜਾਣਾ, ਜ਼ਰਾ ਸੋਚੋ
ਕਿ ਲਾ ਕੇ ਅੱਗ ਡੱਬੂ ਕੰਧ 'ਤੇ, ਨਜ਼ਰੋਂ ਪਰੇ ਹੋਏ

ਇਨ੍ਹਾਂ ਦੀ ਦਿੱਖ 'ਤੇ ਰੀਝੋ ਨ ਬਸ ਕਿਰਦਾਰ ਵੀ ਪਰਖੋ
ਕਿ ਸਾਊ ਦਿੱਖ ਦੇ ਓਹਲੇ 'ਚ, ਜੋ ਕਾਰੇ ਕਰੇ ਹੋਏ

ਇਨ੍ਹਾਂ ਦੀ ਭੁੱਖ ਮਾਸੂਮਾਂ ਦਾ ਕਿੰਨਾ ਖ਼ੂਨ ਪੀਵੇਗੀ
ਇਹ ਜ਼ਹਿਰਾਂ ਦੇ ਵਪਾਰੀ ਫਿਰਨ ਕਿੰਨੇ ਆਫ਼ਰੇ ਹੋਏ

ਕਿਸੇ ਗਿਣਤੀ 'ਚ, ਜੇ ਹੁੰਦੇ ਤਾਂ ਮੈਂ ਇਜ਼ਹਾਰ ਕਰ ਲੈਂਦਾ
ਲਿਆਵਾਂ ਸ਼ਬਦ ਕਿੱਥੋਂ, ਹਾਦਸੇ ਏਨੇ ਜਰੇ ਹੋਏ

ਨਹੀਂ ਰਹਿੰਦਾ ਉਨ੍ਹਾਂ ਦੇ ਮਨ 'ਚ, ਭਵ-ਸਾਗਰ ਦਾ ਡਰ ਕੋਈ
ਅਨੇਕਾਂ ਵਾਰ ਹੰਝੂਆਂ ਦੇ, ਜਿਨ੍ਹਾਂ ਸਾਗਰ ਤਰੇ ਹੋਏ

ਉਹ ਕੇਵਲ ਜਿਸਮ ਸਨ, ਜਿਸ ਪਲ ਉਨ੍ਹਾਂ ਨੇ ਖ਼ੁਦਕੁਸ਼ੀ ਕੀਤੀ
ਜਦੋਂ ਸੁਪਨੇ ਮਰੇ ਉਹ ਉਸ ਪਲ ਦੇ ਹੀ ਮਰੇ ਹੋਏ

ਘਰਾਂ ਵਾਲ਼ੀ ਬਣੇਗੀ ਨਸਲ ਅਗਲੀ ਮਨ 'ਚ, ਇਹ ਸੁਪਨਾ
ਅਸੀਂ ਪਰਵਾਸ ਕੀਤੇ ਕ੍ਰਿਸ਼ਨ ਤੇ ਖ਼ੁਦ ਬੇਘਰੇ ਹੋਏ

●

☼

ਸੁਣਿਉ ਅਕਲਾਂ ਵਾਲ਼ਿਓ, ਮੈਂ ਜਾਹਿਲ ਗੰਵਾਰ
ਕਰ ਦੇਵੋ ਅਗਿਆਨ ਦੇ, ਭਵ-ਸਾਗਰ ਤੋਂ ਪਾਰ

ਅੱਧ ਵਿਚਾਲਿਉਂ ਟੁੱਟਦੇ, ਇਹ ਨਾ ਲਾਉਂਦੇ ਪਾਰ
ਹਉਮੈਂ ਦੇ ਪਤਵਾਰ ਤਾਂ, ਡੋਬਣ ਅੱਧ ਵਿਚਕਾਰ

ਪਰਬਤ ਜੇਡਾ ਵੀ ਕਦੇ, ਲੈਂਦੇ ਦਰਦ ਸਹਾਰ
ਚੁੱਕਿਆ ਜਾਂਦਾ ਨਾ ਕਦੇ, ਇਕ ਹੰਝੂ ਦਾ ਭਾਰ

ਜਿੰਨਾ ਚਿਰ ਤੀਕਰ ਨਹੀਂ, ਖੁਲ੍ਹਦੀ ਤੀਜੀ ਅੱਖ
ਬੇਅਰਥੀ ਹੈ ਰੌਸ਼ਨੀ, ਜੇ ਮਨ ਵਿਚ ਅੰਧਕਾਰ

ਹਾਕਮ ਤਾਂ ਸੀ ਬਖ਼ਸ਼ਦੇ, ਸੁੱਖ ਸਹੂਲਤ ਲੱਖ
ਸਾਥੋਂ ਪਰ ਹੋਇਆ ਨਹੀਂ, ਅਪਣਾ ਮਨ ਹੀ ਮਾਰ

ਜਿਹੜਾ ਦੂਜੇ ਦੇ ਕਦੇ, ਨਾ ਆਉਂਦਾ ਹੈ ਕੰਮ
ਲਾਣ੍ਹਤ ਐਸੇ ਜਿਉਣ 'ਤੇ, ਇਹ ਜਿਉਣਾ ਧਿਰਕਾਰ

ਰੋਟੀ ਦਾ ਚੱਕਰਵਿਊ, ਕ੍ਰਿਸ਼ਨ ਸਕੇ ਨਾ ਤੋੜ
ਏਸੇ ਮੱਕੜੀ ਜਾਲ ਵਿਚ, ਜੂਨ ਗਈ ਬੇਕਾਰ

●

☼
ਕਾਵਿ -ਮਹਾਂ ਸਾਗਰ 'ਚ, ਹਾਂ ਮੈਂ ਇਕ ਬੂੰਦ ਤਰੇਲ਼
ਕ੍ਰਿਸ਼ਨ ਭਲਾ ਨਾਚੀਜ਼ ਦਾ, ਕੀ ਵੱਡਿਆਂ ਸਿਉਂ ਮੇਲ

ਬਿਨ ਸੋਚੇ ਹੀ ਕੱਢੀਏ, ਹਰ ਇਕ ਵਿੱਚ ਨਘੋਚ
ਹਉਮੈਂ ਉੱਚੀ ਹੋ ਗਈ, ਨੀਵੀਂ ਰਹਿ ਗਈ ਸੋਚ

ਹੰਕਾਰੀ ਮਨ ਤਾਂ ਰਹੇ, ਜਾਹਿਲ ਤੇ ਗੰਵਾਰ
ਕੋਮਲ ਭਾਵੀ ਮਨ ਬਣੇ, ਚਿੰਤਕ ਤੇ ਫ਼ਨਕਾਰ

ਦੂਜੇ ਦੇ ਵੱਲ ਕ੍ਰਿਸ਼ਨ ਤੂੰ, ਇਉਂ ਉਂਗਲ ਨਾ ਸਿੰਨ
ਤੇਰੇ ਅਪਣੇ ਵੱਲ ਵੀ, ਉਂਗਲਾਂ ਉੱਠਣ ਤਿੰਨ

ਚਿੰਤਨ ਦਾ ਦਾਵ੍ਹਾ ਨਹੀਂ, ਮੈਂ ਕਿਹੜਾ ਵਿਦਵਾਨ
ਮੈਂ ਤਾਂ ਕੇਵਲ ਜਾਣਦਾ, ਬਸ ਅਪਣਾ ਅਗਿਆਨ

ਬੇਚੈਨੀ ਹੀ ਤੋਰਦੀ, ਦੇਵੇ ਚੈਨ ਸਕੂਨ
ਨਾ ਰਹੀਏ ਬੇਚੈਨ ਤਾਂ, ਬਿਰਥੀ ਜਾਂਦੀ ਜੂਨ

ਪਰਖੀਂ ਕ੍ਰਿਸ਼ਨ ਜਹਾਨ ਫਿਰ, ਆਪੇ ਨੂੰ ਪਹਿਚਾਣ
ਨੁਕਸ ਕਿਸੇ ਦੇ ਕੱਢ ਨਾ, ਅਪਣੇ ਔਗੁਣ ਜਾਣ

ਆਪੇ ਤੇਰੀ ਅਕਲ ਦੀ, ਖੁੱਲ੍ਹ ਜਾਵੇਗੀ ਪੋਲ
ਕ੍ਰਿਸ਼ਨ ਕਦੇ ਬਹਿ ਕੇ ਕਰੀਂ ਆਪੇ ਦੀ ਪੜਚੋਲ

ਰਹੀਏ ਕ੍ਰਿਸ਼ਨ ਮੁਹਾਜ਼ 'ਤੇ, ਲੜੀਏ ਲੋੜਾਂ ਸੰਗ
ਸਾਥੋਂ ਜਿੱਤੀ ਨਾ ਗਈ, ਇਹ ਰੋਟੀ ਦੀ ਜੰਗ
●

☼
ਨੈਣਾਂ 'ਚ ਰਹਿਣ ਹਰ ਸਮੇਂ, ਖ਼ਾਬਾਂ ਦੇ ਕਾਫ਼ਲੇ
ਤੁਰਦੇ ਹਮੇਸ਼ ਨਾਲ ਨੇ, ਯਾਦਾਂ ਦੇ ਕਾਫ਼ਲੇ

ਪਹਿਲੀ ਨਜ਼ਰ ਤਿਰੀ ਅਜੇ, ਸਕਿਆ ਨ ਮੈਂ ਵਿਸਾਰ
ਲੰਘੇ ਨੇ ਉਂਝ ਉਮਰ ਤੋਂ, ਵਰ੍ਹਿਆਂ ਦੇ ਕਾਫ਼ਲੇ

ਤੇਰਾ ਖ਼ਿਆਲ ਵੀ ਮਿਰੇ ਤੁਰਨਾ ਹੈ ਨਾਲ-ਨਾਲ
ਜਿੰਨੀ ਕੁ ਦੇਰ ਚੱਲਣੇ ਸਾਹਾਂ ਦੇ ਕਾਫ਼ਲੇ

ਜੀਵਨ 'ਚ ਦੋ ਕਦਮ ਕਦੇ, ਖ਼ੁਸ਼ੀਆਂ ਨ ਸਾਥ ਦੇਣ
ਨਿਭਦੇ ਨੇ ਤੋੜ ਤੀਕ ਤਾਂ, ਦੁੱਖਾਂ ਦੇ ਕਾਫ਼ਲੇ

ਮੈਂ ਚੁੱਕਦਾ ਕਲਮ ਜਦੋਂ, ਹੁੰਦਾ ਹੈ ਚਮਤਕਾਰ
ਸਫ਼ਿਆਂ 'ਤੇ ਦੌੜ ਪੈਣ ਇਹ ਸ਼ਬਦਾਂ ਦੇ ਕਾਫ਼ਲੇ

ਮੰਜ਼ਿਲ ਕਿਸੇ 'ਤੇ ਪਹੁੰਚਦੇ ਜਿਹੜੇ ਨਹੀਂ ਕਦੇ
ਕਿਸ ਕੰਮ ਆਉਣ ਉਹ ਭਲਾ, ਰਾਹਾਂ ਦੇ ਕਾਫ਼ਲੇ

ਕਹਿਣੀ ਗ਼ਜ਼ਲ ਮੁਹਾਲ ਸੀ, ਉਹ ਵਕਤ ਦੇਖਿਐ
ਹੁਣ ਕ੍ਰਿਸ਼ਨ ਦੇਖ ਬਣ ਗਏ ਗ਼ਜ਼ਲਾਂ ਦੇ ਕਾਫ਼ਲੇ
●

☼

ਬੜੀ ਕੋਮਲ, ਬੜੀ ਬਾਂਕੀ, ਲਗਰ ਵਰਗੀ ਗ਼ਜ਼ਲ
ਨ ਬੌਧਿਕਤਾ ਦਾ ਵਾਧੂ ਵਜ਼ਨ, ਸਹਿ ਸਕਦੀ ਗ਼ਜ਼ਲ

ਇਹ ਸੁਪਨਾ ਹੈ, ਤਸੱਵਰ ਹੈ, ਤਲਿੱਸਮ ਹੈ ਨਿਰਾ
ਕਿ ਸ਼ਬਦਾਂ ਵਿਚ ਕਹੀ ਜਾਂਦੀ ਨ ਹੁੰਦੀ ਕੀ ਗ਼ਜ਼ਲ

ਇਹ ਸ਼ਾਇਰ ਦੇ ਕਲੇਜੇ 'ਚੋਂ ਹੈ ਉਠਦੀ ਹੂਕ ਦੇ ਵਾਂਗੂੰ
ਸਰੋਤੇ ਦੇ ਕਲੇਜੇ ਵਿੱਚ ਜਾ ਲਹਿੰਦੀ ਗ਼ਜ਼ਲ

ਸੁਭਾਵਿਕ ਹੀ ਇਹ ਚਸ਼ਮੇ ਵਾਂਗ ਮਨ 'ਚੋਂ ਫੁੱਟਦੀ
ਕਦੇ ਵੀ ਹੋ ਨਹੀਂ ਸਕਦੀ ਹੈ ਤੁਕਬੰਦੀ ਗ਼ਜ਼ਲ

ਇਹ ਲਗ ਮਾਤਰ ਦਾ ਵਾਧਾ ਜਾਂ ਖਸਾਰਾ ਨਾ ਸਹੇ
ਹਮੇਸ਼ਾ ਲੋੜਦੀ ਰਹਿੰਦੀ ਹੈ ਪਾਬੰਦੀ ਗ਼ਜ਼ਲ

ਇਹ ਸੀਮਤ ਦਾਇਰਿਆਂ ਦੇ ਵਿਚ ਨਾ ਸਿਮਟੇ ਕਦੇ
ਜ਼ਮਾਨੇ ਦੇ ਹਰਿਕ ਮਸਲੇ ਨੂੰ ਹੈ ਛੋਂਹਦੀ ਗ਼ਜ਼ਲ

ਲਤਾਫ਼ਤ ਦੇ, ਨਜ਼ਾਕਤ ਦੇ, ਨਫ਼ਾਸਤ ਦੇ ਬਿਨਾਂ
ਸਦਾਕਤ ਤੋਂ ਕਦੇ ਹੁੰਦੀ ਨਹੀਂ ਕੋਰੀ ਗ਼ਜ਼ਲ

ਇਹ ਸ਼ਬਦਾਂ ਦਾ ਖਿਲਾਰਾ ਤਾਂ ਕਦੇ ਪਾਉਂਦੀ ਨਹੀਂ
ਇਸ਼ਾਰੇ, ਚਿੰਨ, ਰਮਜ਼ਾਂ ਨਾਲ ਸਮਝਾਉਂਦੀ ਗ਼ਜ਼ਲ

ਗ਼ਜ਼ਲ ਦੇ ਹੁਸਨ ਦਾ ਜਾਦੂ ਤਾਂ ਸਿਰ ਚੜ੍ਹ ਬੋਲਦੈ
ਗ਼ਜ਼ਲ ਬਾਰੇ ਤੂੰ ਚੰਗੀ ਕ੍ਰਿਸ਼ਨ ਇਹ ਛੇੜੀ ਗ਼ਜ਼ਲ

●

☼

ਇਹ ਸੰਵੇਦਨਾ ਦਾ ਅਸਰ ਦੇਖਦੇ ਹਾਂ
ਤੁਹਾਡੇ ਵੀ ਦੀਦੇ ਨੇ ਤਰ ਦੇਖਦੇ ਹਾਂ

ਮਿਲੇ ਭਟਕਣਾ ਨੂੰ ਨਾ ਮੰਜ਼ਿਲ ਕਦੇ ਵੀ
ਦਿਸ਼ਾ ਦੇਖਦੇ ਨਾ, ਸਫ਼ਰ ਦੇਖਦੇ ਹਾਂ

ਚੁਫੇਰੇ ਬਹੁਤ ਪਾਠ ਬਾਣੀ ਦਾ ਸੁਣਦੈ
ਨੇ ਬੇਗ਼ਮਪੁਰੇ ਦਾ ਨਗਰ ਦੇਖਦੇ ਹਾਂ

ਸਦਾ ਦੇਖਦੇ ਨੁਕਸ ਦੂਜੇ ਦੇ ਹਰ ਪਲ
ਨ ਦਾਮਨ 'ਚ ਅਪਣੇ ਮਗਰ ਦੇਖਦੇ ਹਾਂ

ਨਹੀਂ ਦੋਸ਼ ਕੋਈ ਕਿ ਸਾਵਣ ਦੇ ਅੰਨ੍ਹੇ
ਹਰਾ ਦੇਖਦੇ ਹਾਂ, ਜਿੱਧਰ ਦੇਖਦੇ ਹਾਂ

ਅਸੀਂ ਲੋਚਦੇ ਤਾਂ ਹਾਂ ਪਰਵਾਜ਼ ਭਰਨੀ
ਕਦੇ ਪਰ ਨ ਅਪਣੇ ਹੀ ਪਰ ਦੇਖਦੇ ਹਾਂ

ਕਦੇ ਝੂਠ ਨੂੰ ਝੂਠ ਕਹਿ ਵੀ ਸਕੋਗੇ
ਤੁਹਾਡਾ ਅਸੀਂ ਦਿਲ, ਜਿਗਰ ਦੇਖਦੇ ਹਾਂ

ਉਦੋਂ ਕ੍ਰਿਸ਼ਨ ਪਾਉਂਦੇ ਹਾਂ ਹਉਮੈ ਨੂੰ ਪੱਠੇ
ਕਿਸੇ ਆਮ ਨੂੰ ਖ਼ਾਸ ਕਰ ਦੇਖਦੇ ਹਾਂ

●

ਤੁਰਦੇ ਲੋਕੀ ਆਪਣਾ, ਰਸਤਾ ਲੈਣ ਨਿਬੇੜ
ਐਪਰ ਕਰਦੇ ਰਹਿਣ ਕੁਝ, ਬਸ ਯਾਭਾਂ ਦਾ ਭੇੜ

ਸੋਚ, ਸਮਝ ਕੇ ਕਰੀ ਦੀ, ਜਿਹੜੀ ਕਰੀਏ ਗੱਲ
ਕਿਧਰੇ ਲੋਕੀ ਆਪਣੇ, ਬਖ਼ੀਏ ਦੇਣ ਉਧੇੜ

ਕੈਂਚੀ ਵਾਂਗੂੰ ਚੱਲਦੀ, ਮਹਿੰਗੀ ਪਈ ਜ਼ੁਬਾਨ
ਖ਼ੁਦ ਹੋਏ ਬੇ-ਆਬਰੂ, ਕੱਖ ਰਿਹਾ ਨਾ ਤੋੜ

ਕੁਝ ਲੋਕੀ ਬਿਨ-ਸੋਚਿਆਂ, ਜਦ ਵੀ ਉਠਦੇ ਝੱਲ
ਐਵੇਂ ਹੀ ਰਾਹ ਜਾਂਦਿਆਂ, ਲੈਣ ਡੂੰਮਣਾ ਛੇੜ

ਜਦ ਵੀ ਸਿਰ 'ਤੇ ਆ ਪਈ, ਆਪ ਲਊ ਮੈਂ ਸਿੱਝ
ਤੈਨੂੰ ਮੇਰੇ ਨਾਲ ਕੀ, ਅਪਣੀ ਫਸੀ ਨਿਬੇੜ

ਕੁਝ ਲੋਕਾਂ ਦੇ ਨਾ ਕਦੇ, ਰਹਿਣ ਨਿਚੱਲੇ ਹੱਥ
ਅਪਣੇ ਨਹੁੰਈ ਆਪਣੇ, ਲੈਂਦੇ ਜ਼ਖ਼ਮ ਉਚੇੜ

ਕ੍ਰਿਸ਼ਨ ਕਿਸੇ ਨੂੰ ਜਾਣੀਏ, ਅਪਣੇ ਤੋਂ ਨਾ ਘੱਟ
ਐਵੇਂ ਪੰਗਾ ਨਾ ਲਵੀਂ ਅਗਲੇ ਦੇਣ ਖਦੇੜ

☼

ਘੁੰਡੀ ਇਹ ਖੋਲ੍ਹਣੀ ਨਹੀਂ ਹੁੰਦੀ
ਦਿਲ ਦੀ ਗੱਲ ਆਖਣੀ ਨਹੀਂ ਹੁੰਦੀ

ਬਹੁਤਾ ਵੀ ਬੋਲਣਾ ਨਹੀਂ ਚੰਗਾ
ਬਹੁਤੀ ਚੁੱਪ ਵੀ ਭਲੀ ਨਹੀਂ ਹੁੰਦੀ

ਮੋਤੀ ਹੁੰਦੇ ਹਰੇਕ ਸਿੱਪ ਵਿਚ ਨਾ
ਹਰ ਪੋਰੀ ਬੰਸਰੀ ਨਹੀਂ ਹੁੰਦੀ

ਸੋਲ੍ਹਾਂ ਆਨੇ ਵਜ਼ਨ, 'ਚ ਵੀ ਹੋਵੇ
ਤੁਕਬੰਦੀ ਸ਼ਾਇਰੀ ਨਹੀਂ ਹੁੰਦੀ

ਸੋਨੇ ਵਾਂਗੂੰ ਚਮਕ ਰਹੀ ਹੋਵੇ
ਹਰ ਵਸਤੂ ਕੀਮਤੀ ਨਹੀਂ ਹੁੰਦੀ

ਕੌਣ ਏਥੇ ਭਲਾ ਮੁਕੰਮਲ ਹੈ
ਜਿਸ ਵਿਚ ਕੋਈ ਕਮੀ ਨਹੀਂ ਹੁੰਦੀ

ਵਧਦੀ ਜਾਂਦੀ ਸਗੋਂ ਵਧਾਏ ਤੋਂ
ਭੁੱਖ ਪੂਰੀ ਕਦੀ ਨਹੀਂ ਹੁੰਦੀ

ਦਿਲ ਦੇ ਵਿਚ ਵੇਦਨਾ ਭਲਾ ਕਿੰਨੀ
ਪਾਰੇ ਨੇ ਮਾਪਣੀ ਨਹੀਂ ਹੁੰਦੀ

ਭੜਕੇ ਜਦ ਕ੍ਰਿਸ਼ਨ ਤਾਂ ਸੜੇ ਜੰਗਲ
ਦਾਵਾਨਲ ਰੌਸ਼ਨੀ ਨਹੀਂ ਹੁੰਦੀ

●

ਚੱਲੋ ਜ਼ਰਾ ਹੁਣ ਦਾਇਰਿਆਂ ਤੋਂ ਪਾਰ ਜਾ ਕੇ ਦੇਖੋ
ਚੱਲੋ ਜ਼ਰਾ ਪਗਡੰਡੀਆਂ ਨਵੀਆਂ ਬਣਾ ਕੇ ਦੇਖੋ

ਹਰ ਸਾਲ ਪੁਸਤਕ ਛਾਪਦੇ, ਪਾਠਕ ਮਿਲੇ ਨਾ ਕੋਈ
ਸ਼ਬਦਾਂ 'ਚ ਕੁਝ ਤਾਂ ਸ਼ਾਇਰੋ, ਜਾਦੂ ਜਗਾ ਕੇ ਦੇਖੋ

ਕਿਸ ਕੰਮ ਦਾ ਉਹ ਫ਼ਲਸਫ਼ਾ ਜੋ ਅਮਲ ਵਿਚ ਨਾ ਆਵੇ
ਹਰ ਫ਼ਲਸਫ਼ੇ ਨੂੰ ਜ਼ਿੰਦਗੀ 'ਤੇ ਆਜ਼ਮਾ ਕੇ ਦੇਖੋ

ਆਵੇ ਨਜ਼ਰ ਕੁਝ ਜ਼ਿੰਦਗੀ ਵਿਚ ਦਿਲਕਸ਼ੀ ਵੀ ਯਾਰੋ
ਨੈਣਾਂ 'ਚ ਕੁਝ ਤਾਂ ਆਪਣੇ ਸੁਪਨੇ ਸਜਾ ਕੇ ਦੇਖੋ

ਜੋ ਬੀਜਦੇ ਓ ਕੱਟਣਾ ਪੈਂਦੇ ਤੁਹਾਨੂੰ ਆਖ਼ਿਰ
ਬੀਜਦੇ ਕੰਡੇ ਕਦੇ ਫੁੱਲ ਵੀ ਉਗਾ ਕੇ ਦੇਖੋ

ਲਉ ਸਾਂਭ ਲਉ ਉਸਤਾਦ ਦਾ ਰੁਤਬਾ, ਮੁਬਾਰਕ ਹੋਵੇ
ਸ਼ਾਗਿਰਦ ਇਕ ਅੱਧੇ ਨੂੰ ਤਾਂ ਸ਼ਾਇਰ ਬਣਾ ਕੇ ਦੇਖੋ

ਸਨਮਾਨ ਪਿੱਛੇ ਦੌੜਦੇ ਓ ਕ੍ਰਿਸ਼ਨ ਪਹਿਲਾਂ ਅਪਣੇ
ਦਾਮਨ 'ਚ ਵੀ ਕੁਝ ਤਾਂ ਜ਼ਰਾ ਨਜ਼ਰਾਂ ਝੁਕਾ ਕੇ ਦੇਖੋ

ਜ਼ਿੰਦਗੀ 'ਚ ਕੁਝ ਨਹੀਂ , ਜੇ ਵਕਾਰ ਨਾ ਰਹੇ
ਜ਼ਿੰਦਗੀ 'ਚ ਜਦ ਤੁਰੇ, ਸ਼ਰਮਸ਼ਾਰ ਨਾ ਰਹੇ

ਇਸ ਤੁਫ਼ਾਨ ਸਾਹਮਣੇ, ਕੱਖ ਕਾਣ ਉਡ ਗਿਆ
ਖ਼ਾਕਸਾਰ ਜਦ ਤੁਰੇ, ਤਾਜ਼ਦਾਰ ਨਾ ਰਹੇ

ਇਹ ਵਿਕਾਸ ਤਾਂ ਨਹੀਂ, ਇਹ ਵਪਾਰ ਹੋ ਰਿਹੈ
ਖ਼ਪਤਕਾਰ ਨਾ ਮਿਲੇ, ਤਾਂ ਬਜ਼ਾਰ ਨਾ ਰਹੇ

ਅੱਖ ਵਿੱਚ ਕਾਣ ਜੇ, ਨੁਕਸ ਤੱਕਣੀ 'ਚ ਹੈ
ਫੇਰ ਚੰਨ ਕਿਸ ਤਰ੍ਹਾਂ, ਦਾਗ਼ਦਾਰ ਨਾ ਰਹੇ

ਏਸ ਵਿੱਧ ਹੀ ਰਹੇ ਕੁਛ ਜ਼ਮੀਰ ਸੁਰਖ਼ਰੂ
ਸੱਚ-ਸੱਚ ਕਹਿੰਦਿਆਂ, ਮਨ 'ਤੇ ਭਾਰ ਨਾ ਰਹੇ

ਹਰਿੱਕ ਮੋੜ 'ਤੇ ਨਵਾਂ, ਇਮਤਿਹਾਨ ਜ਼ਿੰਦਗੀ
ਵਕਤ-ਵਕਤ ਹੈ ਕਦੇ, ਸਾਜ਼ਗਾਰ ਨਾ ਰਹੇ

ਸ਼ਰਤ ਇੱਕ ਲਾਜ਼ਮੀ, ਸਿਦਕ ਮਨ 'ਚ ਰੱਖਣਾ
ਪਹੁੰਚਣੈ ਮੁਕਾਮ ਤੇ, ਦਿਲ 'ਚ ਧਾਰਨਾ ਰਹੇ

ਹਰ ਨਵੀਨ ਦੌਰ ਦੀ, ਸੋਚ ਵੀ ਨਵੀਨ ਹੈ
ਜੋ ਰਿਹਾ ਨਾ ਯੁੱਗ ਹੁਣ, ਉਹ ਵਿਚਾਰ ਨਾ ਰਹੇ

ਜ਼ਿੰਦਗੀ 'ਚ ਪਲ ਕਦੇ, ਮੈਂ ਨਾ ਸੋਚ ਵੀ ਸਕਾਂ
ਕ੍ਰਿਸ਼ਨ ਗਿਆਨ ਦਾ ਜਦੋਂ ਤਲਬਗ਼ਾਰ ਨਾ ਰਹੇ

☼

ਮੰਗੀ ਹੋਈ ਖ਼ੁਸ਼ੀ ਨਹੀਂ ਮਿਲਦੀ
ਮੰਗੀ ਤਾਂ ਮੌਤ ਵੀ ਨਹੀਂ ਮਿਲਦੀ

ਇਸ ਦੇ ਹਿੱਸੇ 'ਚ ਦਰਦ, ਬੇਚੈਨੀ
ਦਿਲ ਨੂੰ ਰਾਹਤ ਕਦੀ ਨਹੀਂ ਮਿਲਦੀ

ਜਿਸ ਦੇ ਸੀਨੇ 'ਚ ਸੱਲ ਨਾ ਦੇਖੇ
ਕਿਧਰੇ ਉਹ ਬੰਸਰੀ ਨਹੀਂ ਮਿਲਦੀ

ਬੀਤੇ ਬਾਰੇ ਨਾ ਸੋਚਦੇ ਰਹਿਣਾ
ਖੰਡਰਾਂ 'ਚੋਂ ਜ਼ਿੰਦਗੀ ਨਹੀਂ ਮਿਲਦੀ

ਸਭ ਰੌਸ਼ਨਦਾਨ ਬੰਦ ਨੇ ਦਰ ਵੀ
ਕਹਿੰਦੇ ਓ ਰੌਸ਼ਨੀ ਨਹੀਂ ਮਿਲਦੀ

ਇਸ ਨੂੰ ਐਵੇਂ ਗਵਾ ਨਾ ਦੇਵੀਂ ਤੂੰ
ਮੁੜਕੇ ਫਿਰ ਸਾਦਗੀ ਨਹੀਂ ਮਿਲਦੀ

ਹਰ ਵਾਰੀ ਸਫ਼ਲਤਾ ਭਲਾ ਕਿੱਥੇ
ਮਿਲ ਵੀ ਜਾਵੇ ਕਦੀ ਨਹੀਂ ਮਿਲਦੀ

ਹੱਥ ਆਇਆ ਖ਼ਿਆਲ ਜਾਣ ਦੇਵੋ ਨਾ
ਗੁੰਮੀ ਹੋਈ ਕੜੀ ਨਹੀਂ ਮਿਲਦੀ

ਇਸ ਦੀ ਹੋਣੀ ਹੈ ਕ੍ਰਿਸ਼ਨ ਸਾਗਰ ਵਿਚ
ਨੈਣੀਂ ਵਗਦੀ ਨਦੀ ਨਹੀਂ ਮਿਲਦੀ

●

☼
ਕਲਮ ਦੇ ਨਾਲ ਉਹ, ਸਾਕਾਰ ਨਾ ਹੋਵੇ ਮੈਥੋਂ
ਜੁ ਮੇਰੇ ਦਿਲ 'ਚ ਹੈ, ਇਜ਼ਹਾਰ ਨਾ ਹੋਵੇ ਮੈਥੋਂ

ਉਹ ਕੈਸੇ ਲੋਕ ਨੇ, ਤਰ ਜਾਣ ਰਤ ਦੇ ਦਰਿਆ ਜੋ
ਕਿਸੇ ਦਾ ਅੱਥਰੂ ਵੀ, ਪਾਰ ਨਾ ਹੋਵੇ ਮੈਥੋਂ

ਕਦੇ ਜ਼ਰਦਾਰ ਦੇ ਸਾਹਵੇਂ, ਝੁਕੇ ਨਾ ਸਿਰ ਮੇਰਾ
ਕਿਸੇ ਕਮਜ਼ੋਰ ਨੂੰ, ਲਲਕਾਰ ਨਾ ਹੋਵੇ ਮੈਥੋਂ

ਕਿਸੇ ਦਾ ਕਤਲ ਕਰ ਦਿੰਦੇ ਕਿਵੇਂ, ਕਾਤਿਲ ਯਾਰੋ
ਜ਼ਮੀਰ ਅਪਣੀ, ਕਦੇ ਵੀ ਮਾਰ ਨਾ ਹੋਵੇ ਮੈਥੋਂ

ਬੜਾ ਹੀ ਤੇਜ਼ ਵਗਦਾ ਹੈ, ਰੁਕੇ ਨਾ ਪਲ ਭਰ ਵੀ
ਸਮੇਂ ਦੇ ਮੇਚ ਦੀ ਰਫ਼ਤਾਰ ਨਾ ਹੋਵੇ ਮੈਥੋਂ

ਬੜੇ ਉਤਰਾਅ ਚੜ੍ਹਾਅ ਆਉਂਦੇ, ਰਹੇ ਚਿੰਤਾ ਪਲ-ਪਲ
ਇਹ ਜੀਵਨ ਦਾ ਸਫ਼ਰ, ਇਕਸਾਰ ਨਾ ਹੋਵੇ ਮੈਥੋਂ

ਅਦਾਕਾਰੀ ਅਜੇ ਕਰਨੀ ਨਹੀਂ ਆਉਂਦੀ ਮੈਨੂੰ
ਕਦੇ ਵੀ ਦੋਗਲਾ ਕਿਰਦਾਰ ਨਾ ਹੋਵੇ ਮੈਥੋਂ

ਜੁ ਮੇਰੇ ਕੋਲ਼ ਹੈ ਤਿਲ਼ ਫੁੱਲ, ਉਹ ਲੈਂਦਾ ਜਾਵੀਂ
ਜੁ ਮੇਰੇ ਕੋਲ਼ ਹੈ, ਇਨਕਾਰ ਨਾ ਹੋਵੇ ਮੈਥੋਂ

ਇਹ ਜਨਮੀ ਹੈ ਲਹੂ 'ਚੋਂ ਕ੍ਰਿਸ਼ਨ ਜੋ, ਧੀ ਹੈ ਮੇਰੀ
ਨ ਵੇਚਾਂ ਸ਼ਾਇਰੀ, ਵਿਉਪਾਰ ਨਾ ਹੋਵੇ ਮੈਥੋਂ
●

☼

ਫ਼ੈਸਲਾ ਕਰਿਉ, ਦੁਚਿੱਤੀ ਮਾਰਦੀ
ਇਹ ਲੜਾਈ, ਆਰ ਦੀ ਜਾਂ ਪਾਰ ਦੀ

ਸਿੱਖੀਏ ਕੁਝ ਆਪਣੇ ਸਿਰ ਵਰਤਣੇ
ਕੌਮ ਉਂ ਤਾਂ ਸਿਰ ਬਥੇਰੇ ਵਾਰਦੀ

ਜ਼ੁਲਮ ਦਾ ਜੂਲਾ ਇਹ ਲੋਕਾਂ ਦੇ ਗਲੋਂ
ਲੋਕ ਸ਼ਕਤੀ ਹੀ ਵਗ੍ਹਾ ਕੇ ਮਾਰਦੀ

ਰੰਗ ਦਸਤਾਰਾਂ ਦੇ ਨ ਦੇਖੋ ਤੁਸੀਂ
ਪਰਖਣੀ ਨੀਤੀ ਹਰਿਕ ਸਰਕਾਰ ਦੀ

ਜੰਗ ਦਾ ਮੈਦਾਨ ਹੁਣ ਭਖਿਆ ਪਿਐ
ਪਰਖ ਹੈ ਹੁਣ ਸੂਝ ਦੀ ਤਲਵਾਰ ਦੀ

ਹੁਣ ਤੁਹਾਡੇ ਕੋਲ਼ ਵੀ ਹਥਿਆਰ ਹੈ
ਵੱਢ ਦੇਵੋ ਜੜ੍ਹ ਭਰਿਸ਼ਟਾਚਾਰ ਦੀ

ਹੋਸ਼ ਕਰ ਦੇਵੋ ਟਿਕਾਣੇ ਕ੍ਰਿਸ਼ਨ ਹੁਣ
ਕੁਰਸੀਆਂ ਲਈ ਹਾਬੜੇ ਪਰਿਵਾਰ ਦੀ

●

☼

ਜਿਸ ਨੇ ਕਿ ਕਦੇ ਪੀੜ ਨਾ ਜਾਣੀ ਅਪਣੀ
ਜਾਣੇ ਉਹ ਕਿਵੇਂ ਦਰਦ ਕਹਾਣੀ ਅਪਣੀ

ਹੁੰਦੇ ਨੇ ਬੜੇ ਬੋਲ ਪੁਗਾਉਣੇ ਔਖੇ
ਸੌਖੀ ਹੈ ਬੜੀ ਜੀਭ ਹਿਲਾਣੀ ਅਪਣੀ

ਫ਼ੁਰਸਤ ਨ ਕਿਸੇ ਕੋਲ਼ ਅਜੇ ਸੁਣਨੇ ਦੀ
ਨਾ ਛੇੜ ਅਜੇ ਗ਼ਮ ਕਹਾਣੀ ਅਪਣੀ

ਕੋਈ ਵੀ ਸਿਰਾ ਹੱਥ ਨ ਆਉਂਦਾ ਇਸ ਦਾ
ਹੁਣ ਉਲਝ ਗਈ ਖ਼ੂਬ ਇਹ ਤਾਣੀ ਅਪਣੀ

ਇਹ ਸੋਚ ਕਿ ਯੁਗ-ਬੋਧ ਕਿਵੇਂ ਹੋਵੇਗਾ
ਜੇ ਸੋਚ ਨ ਹਾਲਾਤ ਦੀ ਹਾਣੀ ਅਪਣੀ

ਇਹ ਮਰਜ਼ ਨ ਹਟਣੀ ਹੈ ਮਸੀਹੇ ਕੋਲ਼ੋਂ
ਉਸ ਨੇ ਨ ਕਦੇ ਨਬਜ਼ ਪਛਾਣੀ ਅਪਣੀ

ਨਾ ਕ੍ਰਿਸ਼ਨ ਕਦੇ ਖ਼ੁਦ ਨੂੰ ਨਿਤਾਣਾ ਜਾਣੀ
ਹੁੰਦੀ ਨ ਕਦੇ ਹੋਂਦ ਨਿਤਾਣੀ ਅਪਣੀ

●

☼

ਮਿਰਾ ਚਿੰਤਨ ਦਿਨੋਂ ਦਿਨ ਸੋਚ ਨੂੰ ਜਾਦੈਂ ਨਿਖਾਰੀ ਹੋਰ
ਤੇ ਖ਼ਿਆਲਾਂ ਨੂੰ ਤਸੱਵਰ ਲਾ ਰਿਹੈ ਗੋਟਾ ਕਿਨਾਰੀ ਹੋਰ

ਬਦਲਦਾ ਦੌਰ ਪੈਦਾ ਕਰ ਲਵੇ, ਅਪਣੇ ਬੁਲਾਰੇ ਆਪ
ਬਦਲਦਾ ਦੌਰ ਪੈਦਾ ਕਰ ਲਵੇ, ਅਪਣੇ ਲਿਖਾਰੀ ਹੋਰ

ਕਿਸੇ ਪੁਸਤਕ ਦਾ ਵਿਕ ਜਾਣਾ ਹੀ ਉਸ ਦਾ ਮਿਆਰ ਨਾ ਹੁੰਦਾ
ਹੁਨਰ ਦੇ ਪਾਰਖੂ ਤਾਂ ਹੋਰ ਹੁੰਦੇ ਨੇ, ਵਪਾਰੀ ਹੋਰ

ਨ ਕੋਈ ਵੀ ਇਲਾਜ਼ ਇਸ ਦਾ, ਇਹ ਬੁੱਧੀ ਨਸ਼ਟ ਕਰ ਦਿੰਦੀ
ਕਿ ਚੜ੍ਹਦੀ ਤਾਪ ਵਾਂਗੂੰ ਰੋਜ਼, ਹਉਮੈਂ ਦੀ ਖ਼ੁਮਾਰੀ ਹੋਰ

ਤਮਾਸ਼ਾ ਹੋ ਰਿਹਾ ਹੈ, ਬਣ ਰਿਹਾ ਹੈ ਧਰਮ ਕਾਰੋਬਾਰ
ਨਵੇਂ ਬਣਦੇ ਨੇ ਡੇਰੇ ਰੋਜ਼, ਵਧਦੇ ਨੇ ਪੁਜਾਰੀ ਹੋਰ

ਬੜੀ ਕਾਰੀਗਰੀ, ਜੜਨੇ ਨਗੀਨੇ ਵਾਂਗਰਾਂ ਅਲਫ਼ਾਜ਼
ਇਹ ਤੁਕਬੰਦੀ ਨਹੀਂ ਹੁੰਦੀ, ਗ਼ਜ਼ਲ ਦੀ ਸ਼ਿਲਪਕਾਰੀ ਹੋਰ

ਤਸੱਵਰ ਦੀ ਬੁਲੰਦੀ 'ਤੇ ਨਹੀਂ ਪਹੁੰਚੇ ਅਜੇ ਵੀ ਕ੍ਰਿਸ਼ਨ
ਅਸੀਂ ਤਾਂ ਉਮਰ ਭਰ ਭਾਵੇਂ ਗ਼ਜ਼ਲ ਅਪਣੀ ਨਿਖਾਰੀ ਹੋਰ

●

ਅਪਣੇ ਬੋਲਾਂ ਨਾਲ ਹੀ, ਜਿੱਤ ਲੈਂਦਾ ਸੰਸਾਰ
ਜਿਸ ਨੂੰ ਹੋਵੇ ਆਪਣੇ ਸ਼ਬਦਾਂ 'ਤੇ ਇਖ਼ਤਿਆਰ

ਜਿਸ ਨੂੰ ਹੋਵੇ ਆਪਣੇ, ਸ਼ਬਦਾਂ 'ਤੇ ਇਖ਼ਤਿਆਰ
ਉਸ ਦੇ ਸਾਹਵੇਂ ਹੇਚ ਹੈ, ਕੋਈ ਵੀ ਹਥਿਆਰ

ਉਸ ਦੇ ਸਾਹਵੇ ਹੇਚ ਹੈ, ਕੋਈ ਵੀ ਹਥਿਆਰ
ਕੌਣ ਹਰਾਵੇ ਉਸ ਨੂੰ, ਜੋ ਮੰਨੇ ਨਾ ਹਾਰ

ਕੌਣ ਹਰਾਵੇ ਉਸ ਨੂੰ, ਜੋ ਮੰਨੇ ਨਾ ਹਾਰ
ਕਰ ਸਕਦੈ ਉਹ ਆਪਣਾ, ਹਰ ਸੁਪਨਾ ਸਾਕਾਰ

ਕਰ ਸਕਦੈ ਉਹ ਆਪਣਾ, ਹਰ ਸੁਪਨਾ ਸਾਕਾਰ
ਜੋ ਅਪਣੀ ਤਕਦੀਰ ਦਾ, ਖ਼ੁਦ ਹੀ ਸਿਰਜਣਹਾਰ

ਜੋ ਅਪਣੀ ਤਕਦੀਰ ਦਾ, ਖ਼ੁਦ ਹੀ ਸਿਰਜਣਹਾਰ
ਵਿਰਲਾ ਕੋਈ ਜੱਗ 'ਤੇ ਬਣਦੈ ਸ਼ਾਹ ਅਸਵਾਰ

ਵਿਰਲਾ ਕੋਈ ਜੱਗ 'ਤੇ, ਬਣਦੈ ਸ਼ਾਹ ਅਸਵਾਰ
ਆਪਣੇ ਔਗੁਣ ਜਾਣ ਕੇ, ਜੋ ਕਰਦੇ ਸਵਿਕਾਰ

ਆਪਣੇ ਔਗੁਣ ਜਾਣ ਕੇ, ਜੋ ਕਰਦੇ ਸਵਿਕਾਰ
ਉਸੇ ਕਲਮਕਾਰ ਦੀ, ਕਲਮ ਰਚੇ ਸ਼ਾਹਕਾਰ

ਉਸੇ ਕਲਮਕਾਰ ਦੀ, ਕਲਮ ਰਚੇ ਸ਼ਾਹਕਾਰ
ਨੁਕਤਾਚੀਨੀ ਵੀ ਲਵੇ, ਜਿਹੜਾ ਕ੍ਰਿਸ਼ਨ ਸਹਾਰ

●

ਅਨੰਤ ਭੀੜ ਕਿਤੇ ਆਪਣਾਂ ਨਹੀਂ ਮਿਲਦਾ
ਤਣਾਅ ਤੋਂ ਮੁਕਤ ਜੁ, ਕੋਈ ਵੀ ਤਾਂ ਨਹੀਂ ਮਿਲਦਾ

ਵਜੂਦ ਖਾ ਗਿਆ ਸਾਰਾ ਮਹਾਂ ਨਗਰ ਉਸ ਦਾ
ਕਿਸੇ ਸਮੇਂ ਸੀ ਜੁ ਏਥੇ, ਗਰਾਂ ਨਹੀਂ ਮਿਲਦਾ

ਸਮੇਂ ਦੀ ਧੂੜ 'ਚ, ਰੁਲ਼ਦੇ ਬਹੁਤ ਸਿਤਾਰੇ ਵੀ
ਕਦੇ ਅਕਾਸ਼ 'ਤੇ ਪਰ ਚਮਕਣਾਂ ਨਹੀਂ ਮਿਲਦਾ

ਅਜੀਬ ਬਾਗ਼ ਹੈ, ਇਸ ਦਾ ਅਜੀਬ ਮਾਲ ਹੈ
ਕਿਸੇ ਕਲੀ ਨੂੰ ਕਦੇ ਮਹਿਕਣਾਂ ਨਹੀਂ ਮਿਲਦਾ

ਪਰੇ ਰਹੋ ਤੁਸੀਂ ਓ ਪੌਦਿਓ, ਇਦ੍ਹੀ ਛਾਂ ਤੋਂ
ਕਿ ਬੋਹੜ ਹੇਠ ਤਾਂ ਮੌਲਣ ਨੂੰ ਥਾਂ ਨਹੀਂ ਮਿਲਦਾ

ਰਹੇ ਖ਼ਮੋਸ਼ ਹੀ ਹੁਣ ਹਰ ਸ਼ਰੀਫ਼ ਬੰਦਾ ਤਾਂ
ਕਿਸੇ ਪਰ੍ਹਾ 'ਚ ਵੀ ਤਾਂ ਬੋਲਣਾਂ ਨਹੀਂ ਮਿਲਦਾ

ਜੁ ਹੱਥ ਸਿਰਜਦੇ ਰਹਿੰਦੇ ਹਰੇਕ ਵਸਤ ਹੀ ਯਾਰੋ
ਕਿਸੇ ਵੀ ਚੀਜ਼ 'ਤੇ ਉਹਨਾਂ ਦਾ ਨਾਂ ਨਹੀਂ ਮਿਲਦਾ

ਇਹ ਗਿਆਨ ਕ੍ਰਿਸ਼ਨ ਵਿਰਾਸਤ ਮਨੁੱਖਤਾ ਦੀ ਹੈ
ਕਿਸੇ ਜਮਾਤ ਲਈ ਇਹ ਰਾਖਵਾਂ ਨਹੀਂ ਮਿਲਦਾ

☼

ਜਦੋਂ ਟੁਟਦੈ ਕੁਈ ਰਿਸ਼ਤਾ, ਤਾਂ ਜਰਿਆ ਤਾਂ ਨਹੀਂ ਜਾਂਦਾ
ਤੇ ਟੁਟਦੇ ਰਿਸ਼ਤਿਆਂ ਦੇ ਨਾਲ, ਮਰਿਆ ਤਾਂ ਨਹੀਂ ਜਾਂਦਾ

ਭਲਾ ਕਿੰਨਾ ਕੁ ਚਿਰ ਇਹ ਬੋਝ ਲੈ ਕੇ, ਜੀਅ ਲਵੇ ਕੋਈ
ਕਿ ਦਿਲ 'ਤੇ ਆਪਣੇ ਪੱਥਰ ਵੀ ਧਰਿਆ ਤਾਂ ਨਹੀਂ ਜਾਂਦਾ

ਕਦੇ ਭਰਦੈ, ਕਦੇ ਫਿਸਦੈ, ਕਿ ਹਰ ਵੇਲ਼ੇ ਹੀ ਇਹ ਰਿਸਦੈ
ਇਹ ਦਿਲ ਦਾ ਜ਼ਖ਼ਮ ਹੈ, ਇਹ ਜ਼ਖ਼ਮ ਭਰਿਆ ਤਾਂ ਨਹੀਂ ਜਾਂਦਾ

ਕਿਤੇ ਸੌਖਾ ਨ ਅਪਣੇ ਆਪ ਦੇ ਹੀ ਰੂ-ਬ-ਰੂ ਹੋਣਾ
ਕਿ ਸ਼ੀਸ਼ੇ ਸਾਹਮਣੇ ਬਣਿਆ, ਸੰਵਰਿਆ ਤਾਂ ਨਹੀਂ ਜਾਂਦਾ

ਬੜਾ ਕੁਝ ਕਹਿ ਲਿਆ ਜਾਂਦਾ ਹੈ, ਇਕ ਦੂਜੇ ਨੂੰ ਬਿਨ ਬੋਲੇ
ਕਿ ਹਰ ਇਕ ਗੱਲ ਦਾ ਇਜ਼ਹਾਰ ਕਰਿਆ ਤਾਂ ਨਹੀਂ ਜਾਂਦਾ

ਜੋ ਮੇਰੀ ਜਾਨ ਮੰਗੇ ਜਾਨ, ਤਾਂ ਇਹ ਜਾਨ ਵੀ ਹਾਜ਼ਿਰ
ਕਿ ਆਪਣੀ ਜਾਨ ਤੋਂ ਇਨਕਾਰ ਕਰਿਆ ਤਾਂ ਨਹੀਂ ਜਾਂਦਾ

ਬੜਾ ਮੁਸ਼ਕਿਲ ਹੈ ਤਰਨਾ ਆਪਣੇ ਮਨ ਦਾ ਇਹ ਭਵ-ਸਾਗਰ
ਲਹੂ ਅਪਣੇ ਦਾ ਦਰਿਆ ਕ੍ਰਿਸ਼ਨ ਤਰਿਆ ਤਾਂ ਨਹੀਂ ਜਾਂਦਾ

●

✡

ਤੁਰੇ ਜਦ ਆਦਮੀ, ਚਿੰਤਨ ਵੀ ਨਾਲੋਂ ਨਾਲ ਚਲਦਾ ਹੈ
ਹਮੇਸ਼ਾ ਪੀੜ੍ਹੀ ਓ ਪੀੜ੍ਹੀ, ਅਗੇਰੇ ਖ਼ਿਆਲ ਚਲਦਾ ਹੈ

ਕਦੇ ਸਿਆਣਾ ਨਹੀਂ ਹੁੰਦਾ, ਨਵਾਂ ਨਿੱਤ ਸਿੱਖਣਾਂ ਚਾਹੇ
ਮਿਰੇ ਮਨ ਵਿਚ, ਮਿਰੀ ਉਂਗਲ ਫੜ੍ਹੀਂ, ਇਕ ਬਾਲ ਚਲਦਾ ਹੈ

ਵਿਛਾਉਂਦਾ ਹੈ ਸਦਾ ਸ਼ਤਰੰਜ, ਨਰਦਾਂ ਪੁੱਠੀਆਂ ਪਾਉਂਦੈ
ਹਮੇਸ਼ਾ ਅਪਣਿਆਂ 'ਚੋਂ ਹੀ, ਕੁਈ ਇਕ ਚਾਲ ਚਲਦਾ ਹੈ

ਕਦੇ ਉਠਦੈ, ਕਦੇ ਬਹਿੰਦੈ, ਕਦੇ ਡਿਗਦੈ ਤੇ ਸੰਭਲ਼ਦੈ
ਮੁਸਾਫ਼ਿਰ ਹੈ, ਕਦੇ ਟਿਕਦਾ ਨਹੀਂ, ਹਰ ਹਾਲ ਚਲਦਾ ਹੈ

ਦਿਸੇ ਬਾਜ਼ਾਰ ਹੀ, ਪਰ ਹਰ ਕਿਸੇ ਨੂੰ ਉਹ ਨ ਦਿਸਦਾ ਹੈ
ਜੁ ਨਾਲੋਂ ਨਾਲ ਇਸ ਬਾਜ਼ਾਰ ਦੇ, ਇਕ ਜਾਲ ਚਲਦਾ ਹੈ

ਇਕੱਲਾ ਧਰਮ ਚੱਲੇ ਤਾਂ, ਕਿਸੇ ਨੂੰ ਰੋਸ ਨਾ ਹੋਵੇ
ਕਿ ਇਸ ਦੇ ਨਾਲ ਨਿਰਦੋਸ਼ੇ ਲਹੂ ਦਾ ਖਾਲ਼ ਚੱਲਦਾ ਹੈ

ਉਹ ਇੰਦਰਜੀਤ ਹੋਵੇ, ਰਾਜ ਹੋਵੇ ਜਾਂ ਦਵਿੰਦਰ ਫਿਰ
ਹਮੇਸ਼ਾ ਕ੍ਰਿਸ਼ਨ ਤੇਰੇ ਕਾਫ਼ਲਾ ਇਕ ਨਾਲ ਚਲਦਾ ਹੈ

●

ਇੰਦਰਜੀਤ ਧਾਮੀ, ਰਾਜਵੰਤ ਰਾਜ, ਦਵਿੰਦਰ ਗੌਤਮ, ਮੇਰੇ ਇਹ ਤਿੰਨੇ ਅਜ਼ੀਜ਼ "ਸਰੀ" 'ਚ ਵਸਦੇ ਹਨ।

✡

ਮਸੀਹਾ, ਪੀਰ, ਪੈਗ਼ੰਬਰ, ਮੁਸੱਵਰ, ਜਾਂ ਨਬੀ ਬਣਨਾ
ਕਿਸੇ ਵਿਰਲੇ ਨੇ ਹੈ ਵਿਦਵਾਨ, ਚਿੰਤਕ ਜਾਂ ਕਵੀ ਬਣਨਾ

ਵਰ੍ਹੇ ਮਾਰੂਥਲੀ, ਹੰਝੂ ਬਣੇ, ਜਾਂ ਓਸ ਬਣ ਜਾਂਦੀ
ਕਿ ਹਰ ਇਕ ਬੂੰਦ ਦੀ ਔਕਾਤ ਨਾ ਹੁੰਦੀ, ਨਦੀ ਬਣਨਾ

ਸੜਨ ਆਪਸ 'ਚ ਖਹਿ-ਖਹਿ ਕੇ ਬਥੇਰੇ ਬਾਂਸ ਜੰਗਲ ਦੇ
ਨ ਹਰ ਇਕ ਬਾਂਸ ਦੀ ਪੋਰੀ ਨੇ ਹੁੰਦਾ, ਬੰਸਰੀ ਬਣਨਾ

ਹਰਿਕ ਲੋਹੇ ਦੀ ਹੋਣੀ ਵੀ ਨਹੀਂ ਇੱਕੋ ਜਹੀ ਹੁੰਦੀ
ਕਿਸੇ ਨੇ ਢਾਲ਼ ਬਣਨਾ ਹੈ, ਕਿਸੇ ਤੱਤੀ ਤਵੀ ਬਣਨਾ

ਇਸਾਈ, ਸਿੱਖ, ਹਿੰਦੂ,ਪਾਰਸੀ, ਮੋਮਨ, ਬਣੀ ਜਾਂਦੇ
ਨ ਹਰ ਇਕ ਸ਼ਖ਼ਸ ਦੇ ਹਿੱਸੇ 'ਚ, ਹੁੰਦਾ ਆਦਮੀ ਬਣਨਾ

ਇਨ੍ਹਾਂ ਨੂੰ ਕਹਿਣ ਦਾ ਅੰਦਾਜ਼ ਵੱਖਰੈ, ਸ਼ਬਦ ਇੱਕੋ ਨੇ
ਕਿਸੇ ਨੇ ਗਾਲ੍ਹ ਬਣ ਜਾਣੈਂ, ਕਿਸੇ ਨੇ ਸ਼ਾਇਰੀ ਬਣਨਾ

ਕਦੋਂ ਉਹ ਜਾਣਦਾ ਹੁੰਦੈ ਜਦੋਂ ਬੁਣਦਾ ਹੈ ਕਾਰੀਗਰ
ਕਿ ਉਸ ਬਸਤਰ ਨੇ ਬਣਨਾ ਹੈ ਕਫ਼ਣ ਜਾਂ ਫਿਰ ਵਰੀ ਬਣਨਾ

ਸਦਾ ਮਨ ਦੀ ਅਵਸਥਾ ਹੀ, ਕਰੇ ਕਿਰਦਾਰ ਨਿਰਧਾਰਤ
ਕਰਨ ਹਾਲਾਤ ਇਹ ਨਿਰਣਾ, ਕਿਸੇ ਬੰਦੇ ਨੇ ਕੀ ਬਣਨਾ

ਉਹ ਗੋਰੀ ਹੈ ਕਿ ਕਾਲ਼ੀ ਹੈ ਕਿ ਪੀਲ਼ੇ ਰੰਗ ਦੀ ਚਮੜੀ
ਇਨ੍ਹਾਂ ਦੇ ਵਸਲ ਨੇ ਤਾਂ ਕ੍ਰਿਸ਼ਨ ਜਸ਼ਨਾਂ ਦੀ ਘੜੀ ਬਣਨਾ

●

☼

ਲਹੂ ਦੇ ਨਾਲ ਜੋ ਲਿੱਖੇ, ਕਿਸੇ ਕਾਮਿਲ ਦੀ ਕਾਨੀ ਨੇ
ਨ ਉਸ ਦੇ ਸ਼ਬਦ ਨੇ, ਹਾਲਾਤ ਦੀ ਹੀ ਤਰਜ਼ਮਾਨੀ ਨੇ

ਕਿਤੇ ਇਹ ਖ਼ੁਸ਼ਕ ਹੋ ਜਾਂਦੇ, ਤਾਂ ਇਹ ਵੀ ਰੁਕ ਗਈ ਹੁੰਦੀ
ਕਲਮ ਨੂੰ ਚੱਲਦਾ ਰੱਖਿਆ ਏ, ਹੰਝੂਆਂ ਦੀ ਰਵਾਨੀ ਨੇ

ਨਹੀਂ ਮੈਂ ਬੋਲਦਾ ਕੁਝ ਵੀ, ਸਮੇਂ ਦਾ ਏਲਚੀ ਮੈਂ ਤਾਂ
ਸਮੇਂ ਨੇ ਖ਼ੁਦ ਕਹਾਏ ਬੋਲ ਇਹ, ਮੇਰੀ ਜ਼ੁਬਾਨੀ ਨੇ

ਪੁਰਾਣੇ ਝਾੜ ਕੇ ਪੱਤੇ, ਕਿਵੇਂ ਰਸਤੇ ਬੁਹਾਰੇ ਨੇ
ਬਹਾਰਾਂ ਨੂੰ ਵੀ ਸੱਦਾ ਖ਼ੁਦ ਹੀ ਦਿੱਤਾ ਹੈ ਵਿਰਾਨੀ ਨੇ

ਪੜ੍ਹਾਈ ਤਰਕ ਦੀ ਪੋਥੀ, ਜਹਾਲਤ ਦੂਰ ਕਰ ਦਿੱਤੀ
ਕਰੀ ਹੈ ਸੋਚਣੀ ਰੌਸ਼ਨ ਮਿਰੀ, ਸੀਰਤ ਨੂਰਾਨੀ ਨੇ

ਜਗਾਈ ਰੱਖਿਆ ਗ਼ਫ਼ਲਤ ਦੀ ਨੀਂਦਰ 'ਚੋਂ ਹਰ ਇਕ ਪਲ ਹੀ
ਚੁਕੰਨਾ ਰੱਖਿਆ ਹੈ ਦੁਸ਼ਮਣਾਂ ਦੀ ਮਿਹਰਬਾਨੀ ਨੇ

ਵਿਚਾਰਾ ਅੰਨ-ਦਾਤਾ ਹੀ ਫਿਰੇ ਹੁਣ ਖ਼ੁਦਕੁਸ਼ੀ ਕਰਦਾ
ਦਿਵਾਲ਼ਾ ਕੱਢਿਆ ਕਿਰਸਾਨ ਦਾ, ਇਸ ਹੁਕਮਰਾਨੀ ਨੇ

ਗ਼ਜ਼ਲ ਕਿੱਥੇ ? ਤੇ ਕਿੱਥੇ ਕ੍ਰਿਸ਼ਨ ? ਇਕ ਸੁਪਨਾ ਜਿਹਾ ਲਗਦੈ
ਬਣਾ ਦਿੱਤਾ ਹੈ ਉਹ ਸ਼ਾਇਰ, ਤੁਹਾਡੀ ਕਦਰਦਾਨੀ ਨੇ

●

☼

ਮਿਰੇ ਮੱਥੇ 'ਚ, ਖ਼ੁਦ, ਚਿੰਤਨ ਦਾ ਦੀਵਾ ਬਾਲ਼ ਦੇ ਨੇ
ਮੈਂ ਸ਼ਬਦਾਂ ਨੂੰ ਨ ਭਾਲ਼ਾਂ, ਸ਼ਬਦ ਮੈਨੂੰ ਭਾਲ਼ ਦੇ ਨੇ

ਅਜੇਹੇ ਲੋਕ ਹੀ ਸਮਿਆਂ 'ਤੇ ਅਪਣੀ ਪੈੜ ਛੱਡਣ
ਸਦਾ ਹਾਲਾਤ ਜੋ ਅਪਣੇ ਮੁਤਾਬਿਕ ਢਾਲ਼ ਦੇ ਨੇ

ਉਬਾਲੀ ਦੁੱਧ ਦੀ ਵਾਂਗੂੰ ਕਦੇ ਕਰਦੇ ਨ ਜ਼ਾਇਆ
ਸਤਾ ਬਦਲਣ ਲਈ ਜੋ ਰੋਸ ਨੂੰ ਸੰਭਾਲ਼ ਦੇ ਨੇ

ਨਹੀਂ ਇਤਿਹਾਸ ਦਾ ਪਹੀਆ ਕਦੇ ਮੁੜਦਾ ਪਿਛਾਂਹ ਨੂੰ
ਅਜੇਹਾ ਸੋਚਦੇ ਜੋ, ਲੋਕ ਕਿਹੜੇ ਕਾਲ ਦੇ ਨੇ

ਹਮੇਸ਼ਾ ਡਰਦਿਆਂ ਰਹਿੰਦੇ, ਨ ਲੈਂਦੇ ਦਸਤਪੰਜਾ
ਅਜੇਹੇ ਲੋਕ ਤਾਂ ਖ਼ੁਦ ਮੁਸ਼ਕਲਾਂ ਨੂੰ ਪਾਲ਼ ਦੇ ਨੇ

ਬੜਾ ਬੇਫਿਕਰ ਹੋ ਕੇ ਚੰਡਿਆ ਹੈ ਰਾਮਪੁਰੀਆਂ
ਮਿਰੇ ਚਿੰਤਨ ਦੇ ਵਿਚ ਡੰਗ ਡੂੰਮਣੇ ਮਖ਼ਿਆਲ ਦੇ ਨੇ

ਅਜੇ ਪਰ ਤੋਲਦਾ ਏਂ ਕ੍ਰਿਸ਼ਨ ਉਡਣੇ ਵਾਸਤੇ ਤੂੰ
ਬੁਲੰਦੀ 'ਤੇ ਵੀ ਜਾ ਪਹੁੰਚੇ ਜੁ ਤੇਰੇ ਨਾਲ ਦੇ ਨੇ

●

ਨੋਟ - ਰਾਮਪੁਰੀਆਂ ਤੋਂ ਭਾਵ ,"ਪੰਜਾਬੀ ਲਿਖਾਰੀ ਸਭਾ ਰਾਮਪੁਰ" ਤੋਂ ਹੈ, ਜੋ 1953 ਤੋਂ ਸਰਗਰਮ ਹੈ ।

☼

ਇਹ ਦੇਹ ਤਾਂ ਬਿਣਸ ਜਾਣੀ ਹੈ ਮਿਰੀ, ਮੈਥੋਂ ਨ ਮਰ ਹੋਣਾ
ਮਿਰੇ ਇਹ ਸ਼ਿਅਰ ਜਿਉਂਦੇ ਰਹਿਣਗੇ, ਇਹਨਾਂ ਅਮਰ ਹੋਣਾ

ਨਜ਼ਰ ਆ ਜਾਣਗੇ ਫਿਰ ਹਰ ਕਿਸੇ ਦੇ ਗੁਣ ਤੁਹਾਨੂੰ ਵੀ
ਇਦ੍ਹੀ ਇਕ ਸ਼ਰਤ ਹੈ ਬਸ, ਦੇਖਣੇ ਵਾਲ਼ੀ ਨਜ਼ਰ ਹੋਣਾ

ਕਿਸੇ ਵਿਰਲੇ 'ਚ ਹੁੰਦੀ ਇਸ ਤਰ੍ਹਾਂ ਦੀ ਬੇਨਿਆਜ਼ੀ ਵੀ
ਕਿਸੇ ਦਾ ਬਾ-ਖ਼ਬਰ ਹੁੰਦਿਆਂ ਵੀ ਏਨਾ ਬੇ- ਖ਼ਬਰ ਹੋਣਾ

ਓ ਵਤਨਾਂ ਵਾਲ਼ਿਓ ਅਪਣੇ ਘਰਾਂ ਅੰਦਰ ਸੁਖੀ ਵਸਣਾ
ਰਹੀ ਹੋਣੀ ਸਦਾ ਪਰਵਾਸੀਆਂ ਦੀ ਦਰ-ਬ-ਦਰ ਹੋਣਾ

ਬਣੇ ਜਦ ਵੇਦਨਾ ਸੰਵੇਦਨਾ, ਚਿੰਤਾ ਬਣੇ ਚਿੰਤਨ
ਕਿਸੇ ਵੀ ਲਿਖਤ ਦਾ ਹੈ ਲਾਜ਼ਮੀ ਮਨ 'ਤੇ ਅਸਰ ਹੋਣਾ

ਇਹ ਵਿਥਿਆ ਆਪਣੇ ਮਨ ਦੀ ਦਾ ਹੀ ਵਿਸਥਾਰ ਹੈ ਕੇਵਲ
ਹੁਨਰ ਹੈ ਏਸ ਵਿਚ, ਮੈਥੋਂ ਤਾਂ ਇਹ ਦਾਅਵਾ ਨ ਕਰ ਹੋਣਾ

ਦਿਸੇ ਜੇ ਕ੍ਰਿਸ਼ਨ ਗੁਣ ਕੋਈ ਤੁਹਾਡੀ ਦੇਣ ਹੈ ਸਾਰੀ
ਕਮੀ ਅਪਣੀ ਦੀ ਖ਼ਾਤਿਰ ਨਾ ਕਿਸੇ 'ਤੇ ਦੋਸ਼ ਧਰ ਹੋਣਾ
●

ਜਦੋਂ ਅਨੁਭਵ ਕਿਸੇ ਦਾ, ਕੋਰਿਆਂ ਸਫ਼ਿਆਂ 'ਤੇ ਵਹਿ ਤੁਰਦੈ
ਸਫ਼ੇ ਇਤਿਹਾਸ ਬਣ ਜਾਂਦੇ, ਜਿਨ੍ਹਾਂ ਸਫ਼ਿਆਂ 'ਤੇ ਵਹਿ ਤੁਰਦੈ

ਜਦੋਂ ਵੀ ਪਿਘਲਦਾ ਹੈ ਮਨ ਕਿਸੇ ਕਮਜ਼ੋਰ ਤਹਿ ਵਿੱਚੋਂ
ਇਹ ਦਿਲ ਦਾ ਦਰਦ ਚਸ਼ਮੇ ਵਾਂਗਰਾਂ, ਸਫ਼ਿਆਂ 'ਤੇ ਵਹਿ ਤੁਰਦੈ

ਨਹੀਂ ਇਹ ਜਾਣਦਾ ਕੋਈ, ਅਸੀਂ ਕਰਦੇ ਹਾਂ ਜੋ ਅਨੁਭਵ
ਕਿਵੇਂ ਸ਼ਬਦਾਂ 'ਚ, ਹੋ ਕੇ ਤਰਜਮਾ, ਸਫ਼ਿਆਂ 'ਤੇ ਵਹਿ ਤੁਰਦੈ

ਜੁ ਕਹਿਣਾਂ ਚਾਹੁੰਦਿਆਂ ਹੋਇਆਂ ਵੀ ਬੁੱਲ੍ਹਾਂ 'ਤੇ ਨਹੀਂ ਆਉਂਦਾ
ਕਲਮ ਰਾਹੀਂ ਜਦੋਂ ਮਿਲਦੈ ਸਮਾਂ, ਸਫ਼ਿਆਂ 'ਤੇ ਵਹਿ ਤੁਰਦੈ

ਮੈਂ ਤੈਨੂੰ ਖ਼ਤ ਲਿਖਣ ਦੇ ਵਾਸਤੇ ਜਦ ਵੀ ਕਲਮ ਚੁੱਕੀ
ਤਾਂ ਹਰ ਵਾਰੀ ਹੀ ਨੈਣਾਂ ਦਾ ਝਨਾਂ, ਸਫ਼ਿਆਂ 'ਤੇ ਵਹਿ ਤੁਰਦੈ

ਜੁ ਮਨ ਦੀ ਝੀਲ ਤੇ ਖ਼ਿਆਲਾਂ ਦੀਆਂ ਮੁਰਗਾਬੀਆਂ ਲੱਥਣ
ਇਨ੍ਹਾਂ ਮੁਰਗਾਬੀਆਂ ਦਾ ਕਾਰਵਾਂ, ਸਫ਼ਿਆਂ 'ਤੇ ਵਹਿ ਤੁਰਦੈ

ਜਨਮ ਪੀੜਾ ਹੰਢਾਉਣੀ ਸ਼ਿਅਰ ਦੀ ਹੈ ਕ੍ਰਿਸ਼ਨ ਬਸ ਏਨੀ
ਲਹੂ ਦਿਲ ਦਾ ਨੁਚੜ ਕੇ ਜਿਸ ਤਰ੍ਹਾਂ ਸਫ਼ਿਆਂ 'ਤੇ ਵਹਿ ਤੁਰਦੈ

ਉਹ ਮੋਢੀਂ ਚੁੱਕ ਕੇ ਮੰਜ਼ਿਲ ਦੇ ਉੱਤੇ ਨਾ ਲਿਜਾ ਸਕਦਾ
ਕਿਸੇ ਨੂੰ ਰਾਹ ਦਿਸੇਰਾ ਸਿਰਫ਼ ਰਸਤਾ ਹੀ ਦਿਖਾ ਸਕਦਾ

ਮੈ ਸਿਰ ਦੇ ਭਾਰ ਆਵਾਂਗਾ, ਕਦੇ ਤੂੰ ਹਾਕ ਤਾਂ ਮਾਰੀਂ
ਨਹੀਂ ਮੈਂ ਵਕਤ ਹਾਂ, ਜੋ ਲੰਘਿਆ ਵਾਪਸ ਨ ਆ ਸਕਦਾ

ਹਕੀਕਤ ਵਿਚ ਹੱਦ- ਬੰਨੇ ਤਾਂ ਕੇਵਲ ਅਕਲ ਦੀ ਸੀਮਾਂ
ਜਨੂੰਨ ਐਪਰ, ਕਿਸੇ ਵੀ ਹੱਦ ਤੋਂ ਅੱਗੇ ਵੀ ਜਾ ਸਕਦਾ

ਇਹ ਦਿਲ ਦਾ ਦਰਦ ਸਾਰਾ, ਅੱਥਰੂ ਦੇ ਵਿਚ ਸਮਾ ਜਾਵੇ
ਕਮਾਲ ਐ, ਇਸ ਤਰ੍ਹਾਂ ਕਤਰੇ 'ਚ, ਸਾਗਰ ਵੀ ਸਮਾ ਸਕਦਾ

ਕਿਹਾ ਮੈਂ ਓਸ ਨੂੰ "ਟਲ ਜਾਹ, ਨਵਾਂ ਨਾ ਚੰਦ ਚਾੜ੍ਹੀਂ ਤੂੰ
ਪਟੱਕ ਉਸ ਨੇ ਕਿਹਾ ਕਿ "ਚੰਦ ਵੀ ਕੋਈ ਚੜ੍ਹਾ ਸਕਦਾ

ਇਹ ਗ਼ੁੱਸਾ ਵੀ ਸਦਾ, ਬੰਦਾ-ਕੁ-ਬੰਦਾ ਦੇਖ ਕੇ ਚੜ੍ਹਦੈ
ਕਦੇ ਤਕੜੇ 'ਤੇ ਨਾ ਚੜ੍ਹਦਾ, ਇਹ ਮਾੜੇ 'ਤੇ ਹੀ ਆ ਸਕਦਾ

ਨਿਭਾਗੇ ਤੋੜ ਤੀਕਰ ਕ੍ਰਿਸ਼ਨ, ਇਹ ਗੱਲਾਂ ਤਾਂ ਰਸਮੀ ਨੇ
ਨਿਭਣ ਜਿੱਥੋਂ ਤਕ ਹਿਤ, ਆਦਮੀ ਰਿਸ਼ਤਾ ਨਿਭਾ ਸਕਦਾ

ਜ਼ਿਹਨ ਦੇ ਅੰਬਰੋਂ ਉਡ ਕੇ, ਇਹ ਖ਼ੁਦ ਸਫ਼ਿਆਂ 'ਤੇ ਆ ਜਾਂਦੇ
ਗ਼ਜ਼ਲ ਦੇ ਸ਼ਿਅਰ ਇਸ ਨਾਚੀਜ਼ ਨੂੰ, ਸ਼ਾਇਰ ਬਣਾ ਜਾਂਦੇ

ਉਹ ਅਦਬੀ ਮਹਿਫ਼ਿਲਾਂ ਦੇ ਵਿਚ, ਕਲਾ ਅਪਣੀ ਦਿਖਾ ਜਾਂਦੇ
ਜੁ ਹੋ ਕੇ ਅੱਗਿਉਂ ਹਰ ਵਾਰ, ਤਸਵੀਰਾਂ ਖਿਚਾ ਜਾਂਦੇ

ਇਨ੍ਹਾਂ ਦੇ ਵੇਗ ਦੇ ਅੱਗੇ, ਨ ਅਪਣਾ ਜ਼ੋਰ ਚਲਦਾ ਹੈ
ਖ਼ਿਆਲ ਆਉਂਦੇ ਤਾਂ ਅਪਣੇ ਵਹਿਣ ਦੇ ਨਾਲੇ ਵਹਾ ਜਾਂਦੇ

ਜਦੋਂ ਕਮਜ਼ੋਰ ਪੈ ਜਾਵਾਂ, ਤਾਂ ਘਟਦੇ ਹਾਦਸੇ ਕੁਝ ਇਕ
ਜੁ ਮੇਰਾ ਸਿਦਕ ਮੁੜ ਕੇ, ਸਾਣ ਦੇ ਉੱਤੇ ਚੜ੍ਹਾ ਜਾਂਦੇ

ਨਿਗੂਣੀ ਹੈ ਇਨ੍ਹਾਂ ਦੀ ਹੋਂਦ ਪਰ ਬੇਕਾਰ ਨਾ ਹੁੰਦੀ
ਚੁਫੇਰਾ ਆਪਣੇ ਹਿੱਸੇ ਦਾ ਜੁਗਨੂੰ ਰੌਸ਼ਨਾ ਜਾਂਦੇ

ਕਿਸੇ ਹੱਥਾਂ 'ਚ, ਕਠਪੁਤਲੀ ਬਣੋਂਗੇ ਖ਼ੈਰ ਕਿਸ ਕਰਨੀ
ਤੁਹਾਡੇ ਆਪਣੇ ਵੀ ਉਂਗਲਾਂ ਉੱਤੇ ਨਚਾ ਜਾਂਦੇ

ਨ ਅੱਖਾਂ ਬੰਦ ਕਰ ਕੇ ਕ੍ਰਿਸ਼ਨ ਤੂੰ ਵਿਸ਼ਵਾਸ ਕਰ ਲੈਣਾ
ਕਿ ਰਾਹਬਰ ਵੀ ਬੜੀ ਵਾਰੀ, ਦਿਨੇ ਤਾਰੇ ਦਿਖਾ ਜਾਂਦੈ

ਅਵਸਥਾ ਹੋ ਰਹੀ ਮਨ ਦੀ, ਜਿਵੇਂ ਸੁਰ ਸਾਜ਼ ਹੁੰਦਾ ਹੈ
ਚਲੋ ਦੇਖੋ ਗ਼ਜ਼ਲ ਦਾ ਕਦ ਕੁ ਤਕ ਆਗ਼ਾਜ਼ ਹੁੰਦਾ ਹੈ

ਤੂੰ ਅਪਣੇ ਹੁਸਨ ਦੇ ਉੱਤੇ ਨ ਕਰਿਆ ਕਰ ਗ਼ਰੂਰ ਏਨਾਂ
ਤਿਰੇ ਤੋਂ ਖ਼ੂਬਸੂਰਤ ਤਾਂ ਤਿਰਾ ਅੰਦਾਜ਼ ਹੁੰਦਾ ਹੈ

ਜਗਾਈਂ ਰੱਖਦੈ ਨੈਣਾਂ 'ਚ, ਸੁਪਨੇ ਰੰਗਲੇ ਹਰ ਪਲ
ਕਰੇ ਸਾਕਾਰ ਉਹ ਸੁਪਨਾ ਜੁ ਸੁਪਨੇਸਾਜ਼ ਹੁੰਦਾ ਹੈ

ਉਹ ਚਾਹੁੰਦੇ ਨੇ , ਕਿਸੇ ਵੀ ਮੁਲਕ ਵਿਚ ਸੁਕਰਾਤ ਨਾ ਜੰਮੇ
ਸਮੇਂ ਦੇ ਹਾਕਮਾਂ ਨੂੰ ਸੱਚ 'ਤੇ ਇਤਰਾਜ਼ ਹੁੰਦਾ ਹੈ

ਅਧੂਰਾ ਆਦਮੀ ਹੈ, ਓਸ ਨੇ ਕਾਮਿਲ ਨਹੀਂ ਹੋਣਾ
ਦਿਖਾਈਏ ਓਸ ਨੂੰ ਸ਼ੀਸ਼ਾ ਜਦੋਂ ਨਾਰਾਜ਼ ਹੁੰਦਾ ਹੈ

ਇਹ ਅਦਬੀ ਮਹਿਫ਼ਿਲਾਂ ਵਿਚ ਬੋਲਬਾਲਾ ਹੋ ਗਿਆ ਧਨ ਦਾ
ਧਨੀ ਜਿਹੜਾ ਕਲਮ ਦਾ ਉਹ ਨਜ਼ਰ ਅੰਦਾਜ਼ ਹੁੰਦਾ ਹੈ

ਗ਼ਜ਼ਲ ਦਾ ਸ਼ਿਅਰ ਹੁੰਦੈ ਕ੍ਰਿਸ਼ਨ ਬਹੁ-ਪਰਤੀ ਕਿ ਇਸ ਦੇ ਵਿਚ
ਇਸ਼ਾਰਾ, ਰਮਜ਼, ਚਿੰਤਨ, ਦਰਦ, ਜਜ਼ਬਾ, ਰਾਜ਼, ਹੁੰਦਾ ਹੈ

ਨ ਸਾਨੂੰ ਲੋੜ ਹੈ ਕਰੀਏ ਕਿਸੇ ਹਥਿਆਰ ਦੀ ਵਰਤੋਂ
ਅਸੀਂ ਤਾਂ ਜਾਣਦੇ ਕੇਵਲ ਮੁਹੱਬਤ ਪਿਆਰ ਦੀ ਵਰਤੋਂ

ਅਸਾਡੇ ਬੈੱਡ-ਰੂਮਾਂ ਤੀਕ ਵੀ ਬਾਜ਼ਾਰ ਆ ਪਹੁੰਚਾ
ਬੜੀ ਮਹਿੰਗੀ ਪਈ ਸਾਨੂੰ ਤਾਂ ਇਹ ਬਾਜ਼ਾਰ ਦੀ ਵਰਤੋਂ

ਤੁਸੀਂ ਖੇਡਣ ਦੀ ਰੁੱਤੇ ਨਾ ਇਨ੍ਹਾਂ ਦਾ ਬਚਪਨਾ ਖੋਹੋ
ਸਿਖਾਓ ਬੱਚਿਆਂ ਨੂੰ ਨਾ ਤੁਸੀਂ ਹਥਿਆਰ ਦੀ ਵਰਤੋਂ

ਤਰੇੜੇ ਜਾਣਗੇ ਰਿਸ਼ਤੇ, ਤੁਸੀਂ ਹਉਮੈਂ ਨਾ ਟਕਰਾਓ
ਕਰੋ ਇਕ ਦੂਸਰੇ ਦੇ ਵਾਸਤੇ ਸਤਿਕਾਰ ਦੀ ਵਰਤੋਂ

ਜੇ ਮਜ਼ਲੂਮਾਂ 'ਤੇ ਉੱਠਦੀ ਜ਼ੁਲਮ ਹੁੰਦੈ, ਕਾਇਰਤਾ ਹੁੰਦੀ
ਜੇ ਉੱਠਦੀ ਜ਼ਾਲਮਾਂ 'ਤੇ, ਧਰਮ-ਯੁੱਧ ਤਲਵਾਰ ਦੀ ਵਰਤੋਂ

ਹਰਿੱਕ ਮਸਲਾ ਤਾਂ ਆਖ਼ਿਰ ਮੁੱਕਦੈ, ਸੰਵਾਦ 'ਤੇ ਆ ਕੇ
ਕਿਸੇ ਮਸਲੇ ਦਾ ਹੱਲ ਹੁੰਦੀ ਨਹੀਂ ਤਲਵਾਰ ਦੀ ਵਰਤੋਂ

ਇਹ ਸ਼ਕਤੀ ਯੁੱਗ ਬਦਲ ਸਕਦੀ ਹੈ ਇਸ ਨੂੰ ਸਾਂਭ ਕੇ ਰੱਖੋ
ਨ ਕਰੀਏ ਆਪਣੇ ਗ਼ੁੱਸੇ ਦੀ ਇਉਂ ਬੇਕਾਰ ਦੀ ਵਰਤੋਂ

ਬਚੇ ਹੀਲਾ ਨਾ ਕੋਈ ਹੋਰ, ਵਰਤੋਂ ਜ਼ਾਇਜ਼ ਹੈ ਇਸ ਦੀ
ਨ ਕਰੀਏ ਗੱਲ-ਗੱਲ ਉੱਤੇ ਕਦੇ ਹਥਿਆਰ ਦੀ ਵਰਤੋਂ

ਕਰੋ ਨਾ ਹਰਖ਼ ਐਵੇਂ, ਪ੍ਰਸ਼ਨ ਦਾ ਉੱਤਰ ਦਿਉ ਸਾਹਿਬ
ਨ ਵਿਦਵਾਨਾਂ ਨੂੰ ਸੋਂਹਦੀ ਕ੍ਰਿਸ਼ਨ ਇਉਂ ਤਕਰਾਰ ਦੀ ਵਰਤੋਂ

☼

ਹੋਇਆ ਕੀ ਪੈਰ-ਪੈਰ 'ਤੇ ਮੁਸ਼ਕਲ ਖੜ੍ਹੀ ਮਿਲੇ
ਮੁਸ਼ਕਿਲ ਨੂੰ ਦੇਖ ਕੇ ਸਗੋਂ ਦਿਲ ਨੂੰ ਖ਼ੁਸ਼ੀ ਮਿਲੇ

ਮੇਰੀ ਤਲਾਸ਼ ਦਾ ਕਿਤੇ ਕੋਈ ਸਿਰਾ ਨਹੀਂ
ਮੈਨੂੰ ਤਾਂ ਖੰਡਰਾਤ 'ਚੋਂ ਵੀ ਜ਼ਿੰਦਗੀ ਮਿਲੇ

ਲੈ ਸਾਂਭ ਅਹਿ ਬੈਸਾਖੀਆਂ, ਮੇਰੇ 'ਤੇ ਰਹਿਮ ਕਰ
ਪੈਰੀਂ ਖੜੋਣ ਦਾ ਵੀ ਬਲ ਮੈਨੂੰ ਕਦੀ ਮਿਲੇ

ਪਾ ਦੇਣ ਭਟਕਣਾਂ 'ਚ ਵੀ ਅਕਲਾਂ ਕਦੀ-ਕਦੀ
ਮੈਨੂੰ ਕਦੇ ਜਨੂੰਨ 'ਚੋਂ ਵੀ ਰਹਿਬਰੀ ਮਿਲੇ

ਉਹਨਾਂ ਪਲਾਂ ਨੂੰ ਮੈਂ ਕਦੇ,ਪਲ ਨਾ ਵਿਸਾਰਿਆ
ਜੀਹਨਾਂ ਪਲਾਂ 'ਚ ਸੀ ਤਿਰੇ ਸਾਹ ਸੰਦਲੀ ਮਿਲੇ

ਇਕ ਵਾਰ ਫੇਰ ਮੁਸਕਰਾਦੇ, ਮੁਸਕਰਾਉਣ ਨਾਲ
ਬੋਲਾਂ ਨ ਝੂਠ ਸਹੁੰ ਤਿਰੀ ਕਿੰਨੀ ਖ਼ੁਸ਼ੀ ਮਿਲੇ

ਜਾਂਦੀ ਹੈ ਉਮਰ ਬੀਤਦੀ, ਏਸੇ ਖ਼ਿਆਲ ਨਾਲ
ਜਿਉਂਣਾ ਜੇ ਚੱਜ ਨਾਲ ਕਦੀ, ਦੋ ਘੜੀ ਮਿਲੇ

ਉਹ ਮਿਲ ਗਿਆ ਤਾਂ ਕਹਿਣ ਨੂੰ ਸੁੱਝਦਾ ਹੀ ਕੁਝ ਨਹੀਂ
ਜਿਸ ਦੀ ਕਿ ਦਿਲ 'ਚ ਤਾਂਘ ਸੀ ਕਿਹੜੀ ਘੜੀ ਮਿਲੇ

ਮੁਸ਼ਕਿਲ ਬਗ਼ੈਰ ਜਿਉਂਣ ਦਾ, ਆਉਂਦਾ ਨਹੀਂ ਮਜ਼ਾ
ਮੁਸ਼ਕਿਲ ਮਿਲੇ ਤਾਂ ਕ੍ਰਿਸ਼ਨ ਕੁਝ ਰਾਹਤ ਜਹੀ ਮਿਲੇ

●

☼

ਇਹ ਮਿਰਾ ਵਾਅਦਾ ਰਿਹਾ, ਕੁਝ ਹੋਰ ਕਾਬਲ ਹੋਣ ਦਾ
ਮੈਂ ਕਦੇ ਦਾਵ੍ਹਾ ਨਹੀਂ ਕਰਦਾ, ਮੁਕੰਮਲ ਹੋਣ ਦਾ

ਤੂੰ ਕਦੇ ਸੁਣਿਐਂ ਕਿ ਹੁੰਦੀ ਗਿਆਨ ਦੀ ਸੀਮਾਂ ਕਿਤੇ
ਪੈ ਗਿਆ ਤੈਨੂੰ ਭਰਮ ਕੀਕਣ ਹੈ, ਕਾਮਲ ਹੋਣ ਦਾ

ਛਟਪਟਾਉਂਦੈ, ਤੜਪਦੈ, ਬੇਚੈਨ ਹੁੰਦੇ, ਦਿਲ ਜਦੋਂ
ਉਹ ਸਮਾਂ ਹੁੰਦੈ ਗ਼ਜ਼ਲ ਦੇ ਸਿਰਜਣਾ ਪਲ ਹੋਣ ਦਾ

ਖੁੱਲ੍ਹਦੇ ਜਾਂਦੇ ਨੇ ਬੂਹੇ ਰੋਜ਼ ਮੇਰੇ ਗਿਆਨ ਦੇ
ਹੋ ਰਿਹਾ ਅਹਿਸਾਸ ਸ਼ਿੱਦਤ ਨਾਲ ਜਾਹਲ ਹੋਣ ਦਾ

ਤੋੜ ਸੁੱਟੀਆਂ ਓਸ ਨੇ, ਓਸੇ ਹੀ ਪਲ ਬੈਸਾਖੀਆਂ
ਜਾਗਿਆ ਅਹਿਸਾਸ ਜਦ ਨਿਰਬਲ 'ਚ ਵੀ ਬਲ ਹੋਣ ਦਾ

ਜਾਣ ਕਮਜ਼ੋਰੀ ਨ ਇਸ ਨੂੰ, ਅੱਥਰੂ ਵਹਿ ਲੈਣ ਦੇ
ਰਾਜ਼ ਹੈ ਏਸੇ 'ਚ ਤੇਰੇ ਮਨ ਦੇ ਨਿਰਮਲ ਹੋਣ ਦਾ

ਸਾਂਭ ਲੈ ਆਕਾਸ਼, ਮੈਨੂੰ ਧਰਤ ਉੱਤੇ ਰਹਿਣ ਦੇ
ਮਾਣ ਹੈ ਮੈਨੂੰ ਮਿਰੇ ਪੈਰੀਂ ਧਰਾਤਲ ਹੋਣ ਦਾ

ਸ਼ਾਇਰੀ ਨਾਅਰਾ ਨਹੀਂ ਹੈ, ਭੀੜ ਦਾ ਰੌਲ਼ਾ ਨਹੀਂ
ਸ਼ਾਇਰੀ ਸੰਗੀਤ ਹੈ ਝਰਨੇ ਦੀ ਕਲਕਲ ਹੋਣ ਦਾ

ਜਾਣਦਾਂ ਹਾਂ ਕ੍ਰਿਸ਼ਨ ਮੈਂ ਰੋਹੀ 'ਚ ਉੱਗੀ ਥੋਰ੍ਹ ਹਾਂ
ਮੈਂ ਭੁਲੇਖਾ ਪਾਲ਼ਿਆ ਨਾ ਮਨ 'ਚ ਸੰਦਲ ਹੋਣ ਦਾ

●

ਨ ਉਹ ਵਕਤ ਨੂੰ ਹੀ ਬਦਲ ਸਕੇ, ਨ ਉਹ ਵਕਤ ਨਾਲ ਹੀ ਢਲ਼ ਸਕੇ
ਉਹ ਤਾਂ ਹਾਸ਼ੀਏ 'ਤੇ ਹੀ ਰਹਿ ਗਏ, ਜੁ ਨ ਦਾਇਰਿਆਂ 'ਚੋਂ ਨਿਕਲ ਸਕੇ

ਇਹ ਤਾਂ ਸੱਚ ਹੈ, ਇਹ ਅਤੰਕ ਜੋ, ਮਹਾਂ ਸ਼ਕਤੀਆਂ ਦੀ ਹੀ ਦੇਣ ਹੈ
ਇਹ ਤਾਂ ਸੱਪ ਦੇ ਮੂੰਹ 'ਚ ਛਿਪਕਲੀ, ਨ ਉਗਲ਼ ਸਕੇ, ਨ ਨਿਗਲ ਸਕੇ

ਕਹੋ ਆਦਮੀ ਨੂੰ ਨ ਜਾਨਵਰ, ਇਹ ਤਾਂ ਜਾਨਵਰ ਦੀ ਤੁਹੀਨ ਹੈ
ਨ ਇਹ ਤਿਆਗ ਸਕਦਾ ਏ ਛਲ਼ ਕਪਟ, ਨ ਕਮੀਨਗੀ 'ਚੋਂ ਨਿਕਲ ਸਕੇ

ਨ ਉਹ ਸੋਚਦਾ, ਨ ਉਹ ਸਮਝਦਾ, ਨ ਸੁਣੇ ਮਸੂਮ ਦੀ ਚੀਖ਼ ਉਹ
ਜਿਹਦੀ ਮਰ ਗਈ ਹੈ ਸੰਵੇਦਨਾ, ਉਹਦਾ ਮਨ ਕਦੇ ਨ ਪਿਘਲ ਸਕੇ

ਇਹਦਾ ਆਦਿ ਨਾ, ਇਹਦਾ ਅੰਤ ਨਾ, ਇਹ ਮੁਕਾਬਲੇ ਦੀ ਹੈ ਦੌੜ ਜੋ
ਜੋ ਨਿਕਲ ਗਿਆ, ਉਹ ਨਿਕਲ ਗਿਆ, ਜੁ ਫਿਸਲ ਗਿਆ ਨ ਸੰਭਲ ਸਕੇ

ਕਦੇ ਬੈਠ ਕੇ ਇਹ ਵੀ ਸੋਚਿਐ, ਇਹ ਵਿਕਾਸ ਹੈ ਕਿ ਵਿਨਾਸ਼ ਹੈ
ਇਹ ਜੁ ਰਹਿੰਦ ਖੂਹਦ ਰਸਾਇਣ ਦੀ, ਨ ਇਹ ਸੜ ਸਕੇ, ਨ ਇਹ ਗਲ਼ ਸਕੇ

ਤੇਰੇ ਹਮਸਫ਼ਰ ਸੀ ਜੁ ਕ੍ਰਿਸ਼ਨ ਹੁਣ, ਉਹ ਕਿਧਰ ਗਏ ਨੇ ਪਤਾ ਨਹੀਂ
ਜਿਹੜੇ ਦੇਖਦੇ ਹੀ ਮੁਸੀਬਤਾਂ, ਉਹ ਤਾਂ ਦੋ ਕਦਮ ਵੀ ਨ ਚਲ ਸਕੇ

ਸਾੜਾ, ਕੀਨਾ, ਈਰਖਾ, ਕ੍ਰਿਸ਼ਨ ਸੁਕਾਉਂਦੇ ਜਾਨ
ਮੰਗੇ ਤੋਂ ਮਿਲਦੇ ਨਹੀਂ, ਸ਼ੁਹਰਤ ਜਾਂ ਸਨਮਾਨ

ਕਿੱਲ-ਕਿੱਲ ਕੇ ਲਿਖਿਆਂ ਭਲਾ, ਬਣਦਾ ਕੌਣ ਮਹਾਨ
ਪਾਠਕ ਤਾਂ ਮੂੰਹ ਲਾਉਣਗੇ, ਜੇ ਲਿਖਤਾਂ ਵਿਚ ਜਾਨ

ਖ਼ੁਸ਼ਬੂ ਨੇ ਤਾਂ ਫੈਲਣਾ, ਕਿਹੜਾ ਸਕਦੈ ਰੋਕ
ਕੁਝ ਫੁੱਲਾਂ ਨੂੰ ਬਖ਼ਸ਼ਿਐ, ਕੁਦਰਤ ਨੇ ਵਰਦਾਨ

ਦੋਸ਼ ਕਿਸੇ ਸਿਰ ਧਰਦਿਆਂ, ਲੋੜੀਦੇ ਪਰਮਾਣ
ਅਪਣੇ ਮੂੰਹ 'ਤੇ ਹੀ ਪਵੇ, ਜੇ ਥੁੱਕੀਏ ਅਸਮਾਨ

ਕਿਸ ਕੰਮ ਦੀ ਉਹ ਸ਼ਾਇਰੀ, ਕਿਸ ਕੰਮ ਦਾ ਵਿਦਵਾਨ
ਜੋ ਲੋਕਾਂ ਦੇ ਵਿਚ ਕਦੇ, ਹੋਇਆ ਨਾ ਪਰਵਾਨ

ਹੁਣ ਵੀ ਦਰੋਣਾਚਾਰੀਆ, ਨਾ ਬਦਲਣ ਕਿਰਦਾਰ
ਇਕਲਵਿਆ ਤੋਂ ਮੰਗਦੇ, ਅੰਗੂਠੇ ਦਾ ਦਾਨ

ਅਪਣੀ ਪੀੜ੍ਹੀ ਹੇਠ ਵੀ, ਸੋਟਾ ਲਈਏ ਫੇਰ
ਅਪਣੇ ਔਗੁਣ ਜੋ ਢਕੇ, ਹੁੰਦਾ ਬੇਈਮਾਨ

ਢਾਈ ਘਰ ਤਾਂ ਡੈਣ ਵੀ, ਕਹਿੰਦੇ ਲੈਂਦੀ ਛੱਡ
ਹੈਰਾਨੀ ਕਿਸ ਹੱਦ ਤਕ, ਡਿਗ ਸਕਦੈ ਇਨਸਾਨ

ਜੇ ਨਾ ਕਾਬੂ ਰੱਖੀਏ, ਕਰ ਜਾਂਦੀ ਨੁਕਸਾਨ
ਪੈਂਦੀ ਕ੍ਰਿਸ਼ਨ ਸੰਭਾਲਣੀ, ਸਾਰੀ ਉਮਰ ਜ਼ੁਬਾਨ

ਨਫ਼ਾ ਕਮਾਉਣ ਦੀ ਸੋਚਾਂ, ਦੁਕਾਨਦਾਰ ਨਹੀਂ
ਮਿਰਾ ਜਨੂੰਨ ਹੈ ਲਿਖਣਾ, ਮਿਰਾ ਵਪਾਰ ਨਹੀਂ

ਕਿਸੇ ਦੇ ਦਰਦ 'ਚ ਤੜਪੇ ਨ ਦਿਲ, ਤਾਂ ਦਿਲ ਕਾਹਦਾ
ਨਹੀਂ ਉਹ ਦਿਲ ਨਹੀਂ ਸਿਲ ਹੈ, ਜੁ ਬੇਕਰਾਰ ਨਹੀਂ

ਮਿਲੇ ਸਲੀਬ ਵੀ ਖ਼ੁਸ਼ ਹਾਂ ਮੈਂ ਜ਼ਿੰਦਗੀ ਤੈਥੋਂ
ਕਿਸੇ ਵੀ ਹਾਲ ਮੈਂ, ਮੁਕਤੀ ਦਾ ਤਲਬਗਾਰ ਨਹੀਂ

ਜ਼ਮੀਰ ਜਾਗਦੀ ਵਾਲ਼ੇ, ਕਦੇ ਨਹੀਂ ਸੌਂਦੇ
ਉਨ੍ਹਾਂ ਦੇ ਵਾਸਤੇ ਜੀਵਨ ਇਹ ਖ਼ੁਸ਼ਗਵਾਰ ਨਹੀਂ

ਤਲਾਸ਼ ਹੈ ਅਜੇ ਮੈਨੂੰ, ਨਹੀਂ ਸਫ਼ਰ ਮੁੱਕਾ
ਕਿਸੇ ਮੁਕਾਮ 'ਤੇ ਪੁੱਜਿਆ, ਇਹ ਖ਼ਾਕਸਾਰ ਨਹੀਂ

ਨਹੀਂ ਮਹਾਨ ਮੈਂ, ਮੇਰੀ ਪਛਾਣ ਹੈ ਏਹੋ
ਤਿਰੀ ਕਿਤਾਬ 'ਚ ਨਾਂ ਆਪਣਾ ਸ਼ੁਮਾਰ ਨਹੀਂ

ਅਜੇ ਬਹਾਰ ਦਾ ਮੌਸਮ ਨ ਮਾਣਿਆ ਜਾਵੇ
ਅਜੇ ਹਯਾਤ ਦੇ ਹਾਲਾਤ ਸਾਜ਼ਗਾਰ ਨਹੀਂ

ਪਲਾਂ ਛਿਣਾਂ 'ਚ ਹੀ ਲਿਸ਼ਕਣ, ਅਲੋਪ ਹੋ ਜਾਂਦੇ
ਕਿ ਆਉਣ ਖ਼ਿਆਲ ਦੇ ਜੁਗਨੂੰ ਤਾਂ ਵਾਰ-ਵਾਰ ਨਹੀਂ

ਮਿਰੀ ਪਛਾਣ ਬਣੀ ਕ੍ਰਿਸ਼ਨ ਤੂੰ ਓ ਮਾਂ-ਬੋਲੀ
ਕਿਵੇਂ ਮੈਂ ਕਹਿ ਦਿਆਂ, ਤੇਰਾ ਮੈਂ ਦੇਣਦਾਰ ਨਹੀਂ

☼

ਮੈਂ ਕਹਿੰਦਾ ਕਿਉਂ ਨਹੀਂ, ਪਲ-ਪਲ ਉਹ ਮੈਥੋਂ ਮੰਗ ਕਰਦਾ ਹੈ
ਪਿਆ ਜੋ ਅਣਕਿਹਾ ਹਾਲੇ, ਉਹ ਮੈਨੂੰ ਤੰਗ ਕਰਦਾ ਹੈ

ਕਦੇ ਪਲ ਭਰ ਮਿਲੇ ਨਾ ਚੈਨ ਇਸ ਦੀ ਪੀੜ ਤੋਂ ਮੈਨੂੰ
ਬੜੀ ਤਿੱਖੀ ਜਲਣ ਸੰਵੇਦਨਾ ਦਾ ਡੰਗ ਕਰਦਾ ਹੈ

ਨਹੀਂ ਸੁਧ ਲੈਣ ਦਿੰਦਾ, ਬੋਲਦਾ ਜਾਦੂ ਇਹ ਸਿਰ ਚੜ੍ਹ ਕੇ
ਇਹ ਲਫ਼ਜ਼ਾਂ ਦਾ ਤਲਿੱਸਮ ਹੈ, ਜੁ ਮੈਨੂੰ ਦੰਗ ਕਰਦਾ ਹੈ

ਸੁਣੇ ਚਰਖੇ ਦੀ ਜਦ ਘੂਕਰ, ਪਹਾੜੋਂ ਉਤਰਦੇ ਜੋਗੀ
ਕਿ ਜਾਦੂ ਹੁਸਨ ਦਾ ਉਹਨਾਂ ਦੀ ਬਿਰਤੀ ਭੰਗ ਕਰਦਾ ਹੈ

ਅਜੇ ਤੀਕਰ ਨਹੀਂ ਬਦਲੀ, ਕਿਸੇ ਵੀ ਹੀਰ ਦੀ ਹੋਣੀ
ਨ ਖੇੜੇ ਘੱਟ ਕਰਦੇ, ਘੱਟ ਕਿਹੜਾ ਝੰਗ ਕਰਦਾ ਹੈ

ਕਦੇ ਹਾਲਾਤ ਦੇ ਵਸ, ਦੰਭ ਕਰਨਾ ਮੈਂ ਜਦੋਂ ਚਾਹਾਂ
ਮਿਰਾ ਦੁਸ਼ਮਣ ਮਿਰਾ ਆਪਾ ਐਲਾਨ ਏ ਜੰਗ ਕਰਦਾ ਹੈ

ਬੁਰੀ ਹੈ ਸਨਕ ਇਸ ਦੀ, ਹਰ ਕਿਸੇ ਨੂੰ ਮਾਰਦੈ ਠਿੱਬੀ
ਕਿ ਸ਼ੁਹਰਤ ਵਾਸਤੇ ਬੰਦਾ, ਅਨੇਕਾਂ ਢੰਗ ਕਰਦਾ ਹੈ

ਇਹ ਲੋਹਾ ਬਣ ਗਿਐ ਪਾਰਸ, ਮਿਲੀ ਪਾਰਸ ਦੀ ਛੁਹ ਇਸ ਨੂੰ
ਕਿ ਹਰ ਪਲ ਕ੍ਰਿਸ਼ਨ ਵਿਦਵਾਨਾਂ ਦਾ ਹੀ ਤਾਂ ਸੰਗ ਕਰਦਾ ਹੈ

●

☼

ਸਹਿਜਤਾ, ਉਹ ਸਰਲਤਾ, ਉਹ ਤਰਲਤਾ ਕਿੱਧਰ ਗਈ
ਸ਼ਾਇਰੀ ਮੇਰੀ 'ਚੋਂ ਉਹ, ਸੰਵੇਦਨਾ ਕਿੱਧਰ ਗਈ

ਰੰਗ ਦਿਲਕਸ਼ ਨੇ ਇਨ੍ਹਾਂ ਦੇ, ਦੇਖਣਾ ਬਣਦੈ ਜਲੌ
ਫੁੱਲ ਕਿੰਨੇ ਖ਼ੂਬਸੂਰਤ, ਵਾਸ਼ਨਾ ਕਿੱਧਰ ਗਈ

ਉਤਰੀਆਂ ਨੈਣਾਂ ਦੀਆਂ ਝੀਲਾਂ, ਬਰੇਤੀ ਦੂਰ ਤਕ
ਤੇਰੀਆਂ ਜ਼ੁਲਫ਼ਾਂ ਦੀ ਉਹ, ਕਾਲ਼ੀ ਘਟਾ ਕਿੱਧਰ ਗਈ

ਜਦ ਕਦੇ ਮਤਭੇਦ ਪੈਦਾ ਹੋਣ, ਲੜੀਏ, ਝਗੜੀਏ
ਆਪਸੀ ਸੰਵਾਦ ਦੀ, ਸਦਭਾਵਨਾ ਕਿੱਧਰ ਗਈ

ਬਹਿਰ ਵੀ ਇਸ ਦੀ ਮੁਕੰਮਲ, ਵਜ਼ਨ ਵਿਚ ਉਤਰੇ ਖ਼ਰੀ
ਪਰ ਗ਼ਜ਼ਲ 'ਚੋਂ ਦਰਦ, ਜਜ਼ਬਾ, ਵੇਦਨਾ ਕਿੱਧਰ ਗਈ

ਜਾਂ ਲਿਹਾਜ਼ਾਂ ਪਾਲ਼ਦੇ ਜਾਂ ਕੱਢਦੇ ਕਿੜ ਆਪਣੀ
ਪਰਖਦੀ ਖੋਟਾ, ਖ਼ਰਾ, ਆਲੋਚਨਾ ਕਿੱਧਰ ਗਈ

ਹੁਣ ਗਲ਼ੇ ਮਿਲਦੇ ਹਾਂ ਤਾਂ ਗਲ਼ਵੱਕੜੀ ਰਸਮੀ ਜਹੀ
ਹੁਣ ਦਿਲੋਂ ਅਪਣੱਤ ਦੀ ਸ਼ਿੱਦਤ ਭਲਾ, ਕਿੱਧਰ ਗਈ

ਹੱਥ ਮਲ਼ਦਾ ਰਹਿ ਗਿਆ ਮੈਂ, ਹੱਥ ਨਾ ਆਈ ਕਦੇ
ਮਹਿਕ ਵਰਗੀ ਇਕ ਗ਼ਜ਼ਲ ਉਹ, ਕੀ ਪਤਾ ਕਿੱਧਰ ਗਈ

ਖ਼ਾਬ ਸੀ, ਖ਼ੁਸ਼ਬੂ ਸੀ, ਕੋਈ ਖ਼ਿਆਲ ਸੀ, ਜਾਂ ਜਲ ਭਰਮ
ਕੀ ਬਲਾ ਸੀ, ਕ੍ਰਿਸ਼ਨ ਹੁਣ ਤਕ ਭਾਲ਼ਦਾ, ਕਿੱਧਰ ਗਈ

●

## ਕੁੰਡਲੀਆ ਛੰਦ

ਸੁੱਝੇ ਕੁਝ ਨਾ ਉਸ ਘੜੀ, ਜਦ ਵੀ ਪੈਂਦੀ ਭੀੜ
ਕਲਮ ਉਦੋਂ ਫਿਰ ਉੱਕਰੇ, ਸੜਿਆਂ ਉੱਤੇ ਪੀੜ

ਸੜਿਆਂ ਉੱਤੇ ਪੀੜ, ਜਦੋਂ ਵੀ ਉਕਰੀ ਜਾਵੇ
ਪੀੜ ਰਹੇ ਨਾ ਪੀੜ, ਕਲਾ ਦਾ ਰੁਤਬਾ ਪਾਵੇ

ਕਲਮ ਈ ਜਾਣੇ ਭੇਦ, ਮਨਾ ਦੇ ਗਹਿਰੇ ਗੁੱਝੇ
ਕਲਮ ਈ ਦੇਵੇ ਸਾਥ, ਜਦੋਂ ਵੀ ਕੁਝ ਨਾ ਸੁੱਝੇ

ਸੰਗ ਅਦੀਬਾਂ ਦਾ ਮਿਲੇ, ਹਰ ਪਲ ਰਹਿੰਦੀ ਭਾਲ
ਤਰ ਜਾਂਦਾ ਹੈ ਲੱਗ ਕੇ, ਲੋਹਾ ਲੱਕੜ ਨਾਲ

ਪੁਸਤਕ ਮੱਥੇ ਲਾਉਂਦਿਆਂ, ਟੁੱਟ ਜਾਂਦੈ ਹੰਕਾਰ
ਜਿਉਂ ਲੋਹਾ ਕੁੰਦਨ ਬਣੇ, ਪਾਰਸ ਛੂੰਹਦੇ ਸਾਰ

ਨਾ ਹੁੰਦੀ ਸੂਰਮਗਤੀ, ਬਦਲਾ ਤਾਂ ਸੰਤਾਪ
ਹੁੰਦਾ ਅਸਲੀ ਸੂਰਮਾ, ਜੋ ਕਰ ਦੇਵੇ ਮਾਫ਼

ਐਵੇਂ ਵੱਡੇ ਕੱਦ ’ਤੇ ਨਾ ਕਰ ਤੂੰ ਹੰਕਾਰ
ਨਿੱਕੀ ਕੀੜੀ ਕ੍ਰਿਸ਼ਨ ਇਕ, ਹਾਥੀ ਸੁੱਟੇ ਮਾਰ

ਤੁਰਿਆਂ ਬਦਲਾ ਲੈਣ ਜੇ, ਏਨਾ ਸੋਚ, ਵਿਚਾਰ
ਅਪਣੀਆਂ ਅਗਲੀਆਂ ਪੀੜ੍ਹੀਆਂ, ਨਾ ਬਦਲੇ ਵਿਚ ਮਾਰ

☼

ਅਪਣੀ ਪਛਾਣ ਖ਼ਾਤਿਰ, ਕੀ ਜਫ਼ਰ ਜਾਲ਼ ਦੇ ਹਾਂ
ਖਿਚ-ਖਿਚ ਕੇ ਸੈਲਫ਼ੀ ਹੁਣ, ਸੈਲਫ਼ ਤਲਾਸ਼ ਦੇ ਹਾਂ

ਹਉਮੈਂ ਦੇ ਨ੍ਹੇਰ ਦੇ ਵਿਚ, ਦਿਸਦੀ ਨਹੀਂ ਜਹਾਲਤ
ਪਰ ਬੰਨ੍ਹਦੇ ਹਾਂ ਦਾਵ੍ਹੇ, ਸਭ ਕੁਝ ਹੀ ਜਾਣਦੇ ਹਾਂ

ਨਜ਼ਰਾਂ 'ਚ ਕਾਣ ਏਨੀ, ਅਪਣੇ ਨ ਐਬ ਦਿਸਦੇ
ਦੂਜੇ 'ਚ ਨੁਕਸ ਹਰ ਪਲ, ਪੁਣਦੇ ਹਾਂ, ਛਾਣਦੇ ਹਾਂ

ਜੱਗ ਦੀ ਨਜ਼ਰ 'ਚ ਆਪਾਂ, ਵਿਦਵਾਨ ਹੋ ਗਏ ਹਾਂ
ਇਹ ਸੋਚਿਐ ਕਿ ਖ਼ੁਦ ਨੂੰ, ਕਿੰਨਾ ਕੁ ਜਾਣਦੇ ਹਾਂ

ਨਿਤ ਹਾਕਮਾਂ ਦੇ ਕੋਲ਼ੋਂ, ਸਨਮਾਨ ਲੈ ਰਹੇ ਹਾਂ ਕਹਿੰਦੇ
ਹਾਂ ਕ੍ਰਿਸ਼ਨ ਐਪਰ, ਲੋਕਾਂ ਦੇ ਨਾਲ ਦੇ ਹਾਂ

●

ਹਰਿਕ ਰਿਸ਼ਤੇ ਦੀਆਂ ਹੁਣ ਤਾਂ, ਬਦਲ ਗਈਆਂ ਸਮੀਕਰਣਾਂ
ਨ ਮਮਤਾ ਦਾ ਕਦੇ ਦਾਵ੍ਹਾ ਜਿਤਾਉਂਦੀ, ਸੈਰੋਗੇਟਡ ਮਾਂ

ਕਿਸੇ ਕਲਚਰ ਦੀ ਹੁੰਦੀ ਗੱਲ ਤਾਂ ਬਸ ਖ਼ਪਤ ਕਲਚਰ ਦੀ
ਅਸੀਂ ਬਾਜ਼ਾਰ ਦੀ ਭਾਸ਼ਾ 'ਚ ਸਾਰੇ ਉਪਭੋਗੀ ਹਾਂ

ਨਹੀਂ ਇਹ ਜਾਣਦਾ ਕਿਰਸਾਨ ਕਿ ਉਸ ਦੀਆਂ ਪਾਲ਼ੀਆਂ ਫ਼ਸਲਾਂ
ਉਹ ਪਹੁੰਚਣ ਸਾਰ ਹੀ ਬਾਜ਼ਾਰ ਵਿਚ ਬਣ ਜਾਣ ਕਿਉਂ ਜਿਣਸਾਂ

ਮੁਨਾਫ਼ਾ ਮੂਲ ਮੰਡੀ ਦਾ, ਵਪਾਰੀ ਚੂਲ ਮੰਡੀ ਦੀ
ਇਹ ਵਰਤਾਰਾ ਹੈ ਦੁਨੀਆ ਦਾ, ਤੇ ਵਿਸ਼ਵੀਕਰਨ ਇਸ ਦਾ ਨਾਂ

ਬਣਾਉਂਦੇ ਹਾਂ ਅਸੀਂ ਕੰਪਿਊਟਰਾਂ 'ਤੇ ਜਨਮ-ਪੱਤਰੀ ਹੁਣ
ਅਸੀਂ ਬਦਲੀ ਹੈ ਤਕਨਾਲੋਜੀ, ਪਰ ਨਾ ਬਦਲੀਆਂ ਸੋਚਾਂ

ਹਰਿਕ ਸ਼ੈ ਦਾ ਬਜ਼ਾਰੀਕਰਨ ਹੋਇਆ, ਕੁਝ ਨਹੀਂ ਬਚਿਆ
ਕਿਸੇ ਦੀ ਧੁੱਪ ਵਿਕਦੀ ਕ੍ਰਿਸ਼ਨ, ਵਿਕਦੀ ਹੈ ਕਿਸੇ ਦੀ ਛਾਂ

ਆਪਣੇ ਨਾਂ ਦੇ ਨਾਲ ਉਹ, ਲਿਖ ਲੈਂਦੈ ਉਸਤਾਦ
ਇਕ ਵੀ ਪਾਠਕ ਨੂੰ ਉਦ੍ਹਾ, ਇਕ ਸ਼ਿਅਰ ਨਾ ਯਾਦ

☼

ਜ਼ਮੀਰਾਂ ਵਾਲ਼ਿਆਂ ਦੇ ਵਿਚ ਕਣੀ, ਹੋਣੀ ਹੀ ਹੋਣੀ ਹੈ
ਕਿਤੇ ਦੀਵਾ ਬਲ਼ੇ ਤਾਂ ਰੌਸ਼ਨੀ, ਹੋਣੀ ਹੀ ਹੋਣੀ ਹੈ

ਮੁਸਾਫ਼ਿਰ ਜਾਣਦੇ ਨੇ, ਏਸ ਦੇ ਵਿਚ ਸ਼ੱਕ ਨਾ ਕੋਈ
ਰਹੇ ਤੁਰਦੇ ਤਾਂ ਮੰਜ਼ਿਲ ਸਰ ਕਦੀ, ਹੋਣੀ ਹੀ ਹੋਣੀ ਹੈ

ਮਰੇ ਤਿਤਲੀ, ਕਲੀ ਟੁਟੇ, ਕਿਸੇ ਦਾ ਅੱਥਰੂ ਨਿਕਲੇ
ਮਿਰੀ ਸੰਵੇਦਨਾ ਤਾਂ ਸੰਘਣੀ, ਹੋਣੀ ਹੀ ਹੋਣੀ ਹੈ

ਮਰੇ ਸੁਪਨਾ ਜਾਂ ਦਿਲ ਟੁੱਟੇ ਕਿ ਹੋਵੇ ਘਾਣ ਚਾਵਾਂ ਦਾ
ਤੁਹਾਡੇ ਵੀ ਉਦੋਂ ਦਿਲ 'ਤੇ ਬਣੀ, ਹੋਣੀ ਹੀ ਹੋਣੀ ਹੈ

ਕਰੂੰਬਲ ਫੁੱਟਦੀ ਹੈ ਸ਼ਾਇਰੀ ਦੀ, ਪੀੜ ਦੇ ਵਿੱਚੋਂ
ਕਿਸੇ ਸ਼ਾਇਰ ਦੇ ਦਿਲ ਦੇ ਵਿਚ ਨਮੀ, ਹੋਣੀ ਹੀ ਹੋਣੀ ਹੈ

ਚਟਾਨਾਂ ਤੋੜਦੀ ਹੋਈ, ਥਲਾਂ ਨੂੰ ਚੀਰਦੀ ਹੋਈ
ਸਮੁੰਦਰ ਵਿੱਚ ਆ ਸ਼ਾਮਿਲ ਨਦੀ, ਹੋਣੀ ਹੀ ਹੋਣੀ ਹੈ

ਸਮੁੰਦਰ ਪਾਰ ਕਰ ਸੱਤੇ ਕਿ ਪੰਜੇ ਦੀਪ ਗਾਹਕੇ ਵੀ
ਤੇ ਆਖ਼ਰ ਕ੍ਰਿਸ਼ਨ ਘਰ ਨੂੰ ਵਾਪਸੀ, ਹੋਣੀ ਹੀ ਹੋਣੀ ਹੈ

●

ਮਨਾਵੋ ਜਸ਼ਨ ਇਹ ਰਲ਼ ਕੇ, ਜਗਾਵੋ ਜੋਤ ਸ਼ਬਦਾਂ ਦੀ
ਚਲੋ ਅਪਣੇ ਮਨਾ ਵਿਚ ਰੌਸ਼ਨਾਵੋ, ਜੋਤ ਸ਼ਬਦਾਂ ਦੀ

ਦਿਨੋ ਦਿਨ ਹੋ ਰਹੇ ਹਾਂ, ਧਨ ਪਦਾਰਥ ਵਿਚ ਅਸੀਂ ਅੰਨ੍ਹੇ
ਮਨਾ ਵਿਚ ਜਗਣ ਦੇਵੋ, ਨਾ ਬੁਝਾਵੋ ਜੋਤ ਸ਼ਬਦਾਂ ਦੀ

ਓ ਸੱਚੇ ਪਾਤਸ਼ਾਹ ਜੀ ਕੌਮ ਅਪਣੀ ਨੂੰ ਸੁਮੱਤ ਬਖ਼ਸ਼ੋ
ਕਦੇ ਸਾਡੇ ਮਨਾ ਵਿਚ ਰੌਸ਼ਨਾਵੋ ਜੋਤ ਸ਼ਬਦਾਂ ਦੀ

ਜਗੇ ਇਕ ਜੋਤ ਤੋਂ ਦੂਜੀ, ਰਹੇ ਇਹ ਸਿਲਸਿਲਾ ਚਲਦਾ
ਤੇ ਇਉਂ ਦੁਨੀਆ ਦੇ ਚਹੁੰ ਕੂਟੀਂ, ਲਿਜਾਵੋ ਸ਼ਬਦਾਂ ਦੀ

ਹਨੇਰਾ ਸੰਘਣਾ ਕਿੰਨਾ ਹੀ ਹੋਵੇ, ਚੀਰ ਹੀ ਦਿੰਦੀ
ਕਦੇ ਨਾ ਲੁਕ ਸਕੇ, ਕਿੰਨੀ ਲੁਕਾਵੋ ਜੋਤ ਸ਼ਬਦਾਂ ਦੀ

ਵਿਸਾਰੀ ਜਾ ਰਹੇ ਬਾਣੀ ਤੇ ਸਾਡਾ ਜ਼ੋਰ ਬਾਣੇ 'ਤੇ
ਇਹ ਛੱਡੋ ਭੇਖ, ਅਪਣੇ ਮਨ 'ਚ ਲਾਵੋ ਜੋਤ ਸ਼ਬਦਾਂ ਦੀ

ਬਣਾਵੋ ਸਿਦਕ ਦਾ ਇਕ ਧੂੰਗੜਾ, ਬੱਤੀ ਮੁਹੱਬਤ ਦੀ
ਤੇ ਪਾਵੋ ਤੇਲ ਚਿੰਤਨ ਦਾ, ਜਗਾਵੋ ਜੋਤ ਸ਼ਬਦਾਂ ਦੀ

ਹਜ਼ਾਰਾਂ ਦੀਪ ਵੀ ਬਾਲ਼ੇ, ਹਨੇਰਾ ਦੂਰ ਨਾ ਹੋਇਆ
ਹਨੇਰਾ ਦੂਰ ਕਰਨੈ, ਰੌਸ਼ਨਾਵੋ ਜੋਤ ਸ਼ਬਦਾਂ ਦੀ

ਘਰਾਂ ਵਿਚ ਥਾਂ ਨਹੀਂ ਹੈ, ਕ੍ਰਿਸ਼ਨ ਕੱਠਾ ਕਰ ਲਿਐ ਨਿਕ ਸੁਕ
ਤੇ ਮਨ ਹਉਮੈਂ ਭਰੇ ਆਵੋ ਜਗਾਵੋ ਜੋਤ ਸ਼ਬਦਾਂ ਦੀ

☼

ਮੈਂ ਕੇਵਲ ਬਹਿਸ ਦੀ ਖ਼ਾਤਿਰ, ਨਹੀਂ ਮੁੱਦੇ ਉਠਾ ਸਕਦਾ
ਨਹੀਂ ਨੇਤਾ ਨਹੀਂ ਹਾਂ ਮੈਂ, ਨਹੀਂ ਮੈਂ ਲਾ ਬੁਝਾ ਸਕਦਾ

ਵਪਾਰੀ ਹੈ ਉਹ ਵੇਚੇ ਆਪਣੇ ਹਥਿਆਰ ਹਰ ਧਿਰ ਨੂੰ
ਲੜਾਈ ਸਰਹਦਾਂ 'ਤੇ, ਸ਼ਹਿਰ ਵਿਚ ਦੰਗੇ ਕਰਾ ਸਕਦਾ

ਕਿਸੇ ਹਾਕਮ ਨੂੰ ਕੁਰਸੀ ਆਪਣੀ ਜਦ ਡੋਲਦੀ ਲੱਗੇ
ਤਾਂ ਉਹ ਕੁਰਸੀ ਦੇ ਪਾਵੇ ਹੇਠ, ਲਾਸ਼ਾਂ ਵੀ ਵਿਛਾ ਸਕਦਾ

ਇਹ ਦੁਨੀਆ ਹਰ ਸਮੇਂ ਬਾਰੂਦ ਦੀ ਢੇਰੀ 'ਤੇ ਬੈਠੀ ਹੈ
ਕਿ ਸਿਰਫਿਰਿਆ ਕਦੇ ਕੋਈ ਵੀ ਇਕ ਤੀਲੀ ਦਿਖਾ ਸਕਦਾ

ਜਦੋਂ ਤਕ ਨਾ ਬਣੇ ਦਸਤਾ, ਕੁਹਾੜੇ ਵਾਸਤੇ ਕੋਈ
ਕੁਹਾੜਾ ਰੀਣ ਭਰ ਜੰਗਲ ਨੂੰ ਨਾ ਹਾਨੀ ਪੁਚਾ ਸਕਦਾ

ਮੁਖਾਲਿਫ਼ ਪੌਣ ਹੀ ਅਪਣੇ ਪਰਾਂ ਨੂੰ ਤਾਣ ਦੇਵੇਗੀ
ਮੁਖ਼ਾਲਿਫ਼ ਪੌਣ ਬਿਨ ਕੋਈ ਬੁਲੰਦੀ 'ਤੇ ਨ ਜਾ ਸਕਦਾ

ਕਿਸੇ ਵੀ ਰੰਗ ਦੀ ਦਸਤਾਰ ਪਹਿਨੇ, ਪੈਂਤੜੇ ਬਦਲੇ
ਸ਼ਨਾਖ਼ਤ ਆਪਣੀ ਉਹ ਕ੍ਰਿਸ਼ਨ ਐਪਰ ਨਾ ਛੁਪਾ ਸਕਦਾ

●

ਕਾਫ਼ੀਆ ਨਿਭਾਉਣਾ ਤੇ ਰਦੀਫ਼ ਰੱਖਣਾ
ਸਿੱਖ ਲੈ ਗ਼ਜ਼ਲ, ਕੋਰੜੇ 'ਚ ਬੰਨ੍ਹਣਾ

ਮਰਦਾ ਨਾ ਖ਼ਿਆਲ, ਛੰਦਾਂ ਵਿਚ ਕੋਈ ਵੀ
ਐਵੇਂ ਤੇਰੇ ਮਨ, ਦਾ ਹੀ ਡਰ ਮੱਖਣਾ

ਰੁਕਨਾਂ ਦੇ ਨਾਲ ਹੈ ਬਹਿਰ ਤੋਲਣੀ
ਕਿਸ ਗਜ਼ ਨਾਲ, ਪੀੜ੍ਹਾਂ ਨੂੰ ਹੈ ਮਾਪਣਾ

ਸਾਨੂੰ ਅਜੇ ਆਉਂਦੀ ਨਾ, ਪਰਖ ਕਰਨੀ
ਅਪਣਾ ਬਿਗਾਨਾ, ਆਉਂਦਾ ਨਾ ਪਛਾਨਣਾ

ਖੋਲ੍ਹਣੀ ਹੈ ਪੋਲ, ਮੈਂ ਭਲਾ ਕੀ ਓਸ ਦੀ
ਬੱਤ੍ਹੀਆਂ ਦੰਦਾਂ ਦੇ, ਪੀਠੇ ਦਾ ਕੀ ਛਾਨਣਾ

ਨਜ਼ਰ ਅੰਦਾਜ਼, ਕਰੀਏ ਨਾ ਭੁੱਲ ਕੇ
ਅਪਣੇ ਨਾ ਐਬ, ਭੁੱਲ ਕੇ ਵੀ ਕੱਜਣਾ

ਨੱਕੋ ਨੱਕ ਤੂੰ ਤਾਂ, ਹਊਮੈਂ ਨਾਲ ਭਰਿਆ
ਰਹਿ ਗਿਆ ਮਨਾਂ, ਸੱਖਣੇ ਦਾ ਸੱਖਣਾ

ਹੁਣ ਵੀ ਤਾਂ ਗੁਰੂ, ਨੇ ਦਰੋਣਾਚਾਰੀਆ
ਲੈਂਦੇ ਨੇ ਅੰਗੂਠੇ ਦੀ, ਉਹ ਗੁਰੂ ਦੱਖਣਾ

ਸ਼ਿਅਰ ਕਹਿਣਾ, ਬੱਚਿਆਂ ਦੀ ਖੇਡ ਨਾ
ਅਪਣੇ ਲਹੂ ਦਾ, ਹੈ ਸਵਾਦ ਚੱਖਣਾ

ਜਿੰਨਾ ਚਿਰ ਤੇਰੇ ਨੇ ਸਵਾਸ ਚੱਲਦੇ
ਚੱਲਦੀ ਕ੍ਰਿਸ਼ਨ ਤੂੰ ਕਲਮ ਰੱਖਣਾ

ਅੱਠ-ਅੱਠ ਵਰਣ ਜੇ, ਹੋਣ ਦੋਹਾਂ ਚਰਣਾਂ 'ਚ
ਪਿੰਗਲ 'ਚ ਕਹਿੰਦੇ ਨੇ, ਕਬਿੱਤ ਏਸ ਛੰਦ ਨੂੰ

ਸ਼ਬਦਾਂ ਨੂੰ ਬੀੜਨੇ ਦੀ, ਜਾਂਚ ਆਉਣੀ ਚਾਹੀਦੀ ਹੈ
ਸਿੱਖਣਾ ਹੀ ਪੈਂਦਾ ਇਉਂ, ਨਿਭਾਉਣਾ ਹਰ ਛੰਦ ਨੂੰ

ਸਾਂਭਦਾ ਹੈ ਕਵੀ ਇੰਝ, ਕਵਿਤਾ 'ਚ ਮਾਖਿਉਂ
ਮਧੂ ਮੱਖੀ ਸਾਂਭਦੀ ਹੈ, ਜਿਵੇਂ ਮਕਰੰਦ ਨੂੰ

ਨਵੀਂ ਪੀੜ੍ਹੀ ਹੁੰਦੀ ਸਦਾ, ਹਾਣੀ ਨਵੇਂ ਦੌਰ ਦੀ ਹੈ
ਰੋਕੀਏ ਨਾ, ਟੋਕੀਏ ਨਾ, ਬਹੁਤਾ ਫ਼ਰਜ਼ੰਦ ਨੂੰ

ਹੁੰਦੀ ਪਰਤੱਖ ਨੂੰ ਨਾ, ਲੋੜ ਪਰਮਾਣ ਦੀ ਹੈ
ਨਿਰਖਦਾ, ਪਰਖਦਾ ਹੈ, ਕੌਣ ਸਿੱਕੇਬੰਦ ਨੂੰ

ਨੇੜੇ ਤੇੜੇ ਓਸ ਦੇ ਨਾ, ਆਉਣ ਇਹ ਮੁਸੀਬਤਾਂ
ਰਾਹ ਛੱਡ ਦੇਣ ਆਪ, ਹੌਸਲੇ ਬੁਲੰਦ ਨੂੰ

ਜਾਗਦੇ ਹੋਏ ਨੂੰ ਦੱਸੋ, ਕੋਈ ਕੀ ਜਗਾਵੇ ਹੋਰ
ਗੱਲ ਸਮਝਾਵੇ ਭਲਾ, ਕੌਣ ਅਕਲਮੰਦ ਨੂੰ

ਸੱਖਣਾ ਗਲਾਸ ਅੱਧਾ, ਦਿਸਦੈ ਨਿਰਾਸਿਆਂ ਨੂੰ
ਭਰਿਆ ਗਲਾਸ ਅੱਧਾ, ਦਿਸੇ ਆਸਵੰਦ ਨੂੰ

ਕਿੰਨੀ ਕੁ ਔਕਾਤ ਤੇਰੀ, ਕਿੰਨੇ ਕੁ ਤੂੰ ਚੰਦ ਚਾੜ੍ਹੇ
ਜਾਣਦੇ ਹਾਂ ਚੰਗੀ ਤਰ੍ਹਾਂ, ਕ੍ਰਿਸ਼ਨ ਤੈਨੂੰ ਚੰਦ ਨੂੰ

☼

ਨੱਕ ਹੇਠਾਂ ਓਸ ਦੇ ਤਾਂ, ਜਣਾ ਖਣਾ ਆਉਂਦਾ ਨਾ
ਸਾਰਿਆਂ ਨੂੰ ਨਿੰਦਦੈ ਉਹ, ਕਿਸੇ ਨੂੰ ਸਰਾਹੁੰਦਾ ਨਾ

ਕੋਈ-ਕੋਈ ਸੂਰਮਾ ਹੈ, ਆਖਦੈ ਜੋ ਖ਼ਰੀ-ਖ਼ਰੀ
ਹਾਕਮਾਂ ਤੋਂ ਆਪਣੀ ਜੋ, ਚਮੜੀ ਬਚਾਉਂਦਾ ਨਾ

ਖਾ ਕੇ ਡਿਗੇ ਠੋਕਰ ਜੇ, ਕੋਈ ਤਾਂ ਉਠਾਲੇਗਾ ਹੀ
ਨਜ਼ਰਾਂ 'ਚੋਂ ਡਿੱਗਿਆਂ ਨੂੰ, ਕੋਈ ਵੀ ਉਠਾਉਂਦਾ ਨਾ

ਹੱਥਾਂ 'ਤੇ ਜਮਾਉਂਦੈ ਸਰੋਂ, ਸਾਰਿਆਂ ਨੂੰ ਪੁੱਤ ਦੇਵੇ
ਨੇਤਾ ਅਖਵਾਉਂਦਾ ਨਾ, ਜੋ ਅੱਖੀਂ ਘੱਟਾ ਪਾਉਂਦਾ ਨਾ

ਮੰਨੋ ਜਾਂ ਨਾ ਮੰਨੋ ਤੁਸੀਂ, ਕਰਦੇ ਦਿਖਾਵਾ ਸਾਰੇ
ਗ਼ਰਜ਼ਾਂ ਬਗ਼ੈਰ ਕੋਈ, ਰਿਸ਼ਤਾ ਨਿਭਾਉਂਦਾ ਨਾ

ਲਿਖਦੇ ਨੇ ਗੀਤਕਾਰ, ਗਾਉਂਦੇ ਜੋ ਗਮੰਤਰੀ
ਰੰਗਲਾ ਪੰਜਾਬ ਕਿਤੇ, ਨਜ਼ਰੀਂ ਤਾਂ ਆਉਂਦਾ ਨਾ

ਰੋਲ਼ਦਾ ਨਾ ਆਪਾ ਜੇ, ਤਾਂ ਮਾਣਦਾ ਬਹਾਰ ਕਿਵੇਂ
ਅਪਣਾ ਵਜੂਦ ਬੀਜ, ਮਿੱਟੀ 'ਚ ਮਿਲਾਉਂਦਾ ਨਾ

ਪਲਕੀਂ ਬਿਠਾਉਣ ਲੋਕ, ਮੂੰਹੋਂ ਫੁੱਲ ਕੇਰਦਾ ਜੋ
ਕੇਰਦੈ ਜੋ ਠੂੰਹੇਂ ਮੂੰਹੋਂ, ਮੂੰਹ ਕੋਈ ਲਾਉਂਦਾ ਨਾ

ਮਿਲੀ ਹੈ ਵਿਰਾਸਤ 'ਚ, ਸ਼ਾਇਰੀ ਦੀ ਦਾਤ ਮੈਨੂੰ
ਕ੍ਰਿਸ਼ਨ ਕਦੇ ਖ਼ੁਦ ਨੂੰ ਮੈਂ, ਸ਼ਾਇਰ ਕਹਾਉਂਦਾ ਨਾ

●

☼

ਓ ਬਾਦਸ਼ਾਹੋ ! ਤੁਸੀਂ ਤਾਂ ਕਮਾਲ ਕਰੀ ਜਾਨੇ ਓਂ
ਕਿ ਗੱਲਾਂ-ਗੱਲਾਂ ਨਾਲ ਹੀ ਨਿਹਾਲ ਕਰੀ ਜਾਨੇ ਓਂ

ਦਿੱਲੀ ਦਿਆਂ ਦੰਗਿਆਂ ਦੇ ਦੋਸ਼ੀਆਂ ਨੂੰ ਦੰਡ ਦਿਉ
ਰੋਜ਼-ਰੋਜ਼ ਲੰਮੀ ਪੜਤਾਲ ਕਰੀ ਜਾਨੇ ਓਂ

ਰਾਮ ਰਾਜ ਵਿਚ ਨਿਰਦੋਸ਼ਿਆਂ ਨੂੰ ਮਿਲੇ ਸਜ਼ਾ
ਤੇ ਦੋਸ਼ੀਆਂ ਨੂੰ ਆਦਲੋ ਬਹਾਲ ਕਰੀ ਜਾਨੇ ਓਂ

ਵੇਚ ਖਾਧਾ ਰੱਬ ਨੂੰ ਵੀ, ਤੁਸੀਂ ਤਾਂ ਸੁਦਾਗਰਾਂ ਨੇ
ਧਰਮਾਂ ਦੇ ਨਾਂ ਦਾ ਇਸਤੇਮਾਲ ਕਰੀ ਜਾਨੇ ਓਂ

ਧੇਲਾ ਵੀ ਪੰਜਾਬੀਓ ਨਾ, ਖ਼ਰਚੋਂ ਕਿਤਾਬ ਉੱਤੇ
ਠੇਕਿਆਂ ਨੂੰ ਰੋਜ਼ ਮਾਲਾ ਮਾਲ ਕਰੀ ਜਾਨੇ ਓਂ

ਚੁਸਤ, ਚਲਾਕ ਤੁਸੀਂ, ਅਸੀਂ ਬੰਦੇ ਭੋਲ਼ੇ ਭਾਲ਼ੇ
ਵਾਰ-ਵਾਰ ਸਾਡੇ ਨਾਲ ਚਾਲ ਕਰੀ ਜਾਨੇ ਓਂ

ਸਾਡਿਆਂ ਸਵਾਲਾਂ ਦਾ ਨਾ, ਇਕ ਵੀ ਜਵਾਬ ਦਿੱਤਾ
ਤੁਸੀਂ ਪਰ ਨਵੇਂ-ਨਵੇਂ, ਸਵਾਲ ਕਰੀ ਜਾਨੇ ਓਂ

ਭਰੀਆਂ ਤਜੌਰੀਆਂ ਨੇ, ਹਾਕਮੋ ਵਪਾਰੀ ਦੀਆਂ
ਅੰਨਦਾਤਿਆਂ ਨੂੰ ਕਿਉਂ ਕੰਗਾਲ ਕਰੀ ਜਾਨੇ ਓਂ

ਕ੍ਰਿਸ਼ਨ ਭਨੋਟ ਤੁਸੀਂ, ਦੌੜਦੇ ਅਵਾਰਡਾਂ ਨੂੰ
ਸ਼ੁਹਰਤਾਂ ਦੇ ਪਿੱਛੇ ਹਾਲ ਹਾਲ ਕਰੀ ਜਾਨੇ ਓਂ

●

☼

ਜੁ ਅਨੁਭਵ ਹੀ ਨਹੀਂ ਕੀਤਾ, ਜੁ ਤਨ ਮਨ 'ਤੇ ਹੰਢਾਇਆ ਨਾ
ਮਿਰੇ ਸ਼ਿਅਰਾਂ 'ਚ ਐਸਾ ਇਕ ਵੀ ਅਹਿਸਾਸ ਆਇਆ ਨਾ

ਮਿਲੇਗੀ ਜਾਣਕਾਰੀ, ਗਿਆਨ ਮਿਲਦਾ ਨਾ ਕਿਤਾਬਾਂ 'ਚੋਂ
ਨ ਲੱਗੇ ਪਾਰ, ਜਿਸ ਨੇ ਤਰਨ ਦਾ ਅਨੁਭਵ ਕਮਾਇਆ ਨਾ

ਜ਼ਰੂਰੀ ਤਾਂ ਨਹੀਂ, ਹਰ ਖਾਣ 'ਚੋਂ ਹੀਰਾ ਮਿਲੇ ਕੋਈ
ਤੇ ਕੁਦਰਤ ਨੇ ਹਰਿਕ ਸਿੱਪੀ 'ਚ ਤਾਂ ਮੋਤੀ ਲੁਕਾਇਆ ਨਾ

ਕਿਸੇ ਨੂੰ ਪੁੱਛ ਕੇ ਜਾਂ ਦੱਸ ਕੇ ਆਉਂਦੀ ਨਹੀਂ ਹੁੰਦੀ
ਕਿਸੇ ਨੇ ਆਪ ਅਪਣੇ ਘਰ ਮੁਸੀਬਤ ਨੂੰ ਬੁਲਾਇਆ ਨਾ

ਮਿਲੇ ਸਤਿਕਾਰ ਦਾ ਪਾਤਰ, ਤਾਂ ਅਪਣੇ ਆਪ ਝੁਕ ਜਾਂਦੈ
ਨਹੀਂ ਤਾਂ ਸਿਰ ਕਿਸੇ ਦੇ ਸਾਹਮਣੇ ਜਾਂਦਾ ਝੁਕਾਇਆ ਨਾ

ਸੰਭਾਲੀ ਸੁਰਤ ਜਿਸ ਦਿਨ ਤੋਂ, ਨ ਮੈਨੂੰ ਯਾਦ ਆਉਂਦਾ ਹੈ
ਕਦੇ ਇਕ ਪਲ ਜਦੋਂ ਕਿ ਮੁਸ਼ਕਿਲਾਂ ਨੇ ਆਜ਼ਮਾਇਆ ਨਾ

ਤੂੰ ਘਣ ਦੇ ਨਾਲ ਭਾਵੇਂ ਸੱਟਾ ਮਾਰੇਂ, ਨਾ ਅਸਰ ਹੋਣੈਂ
ਭੰਨਾਵੇਂ ਹੱਥ ਐਵੇਂ ਕ੍ਰਿਸ਼ਨ ਜੇ ਲੋਹਾ ਤਪਾਇਆ ਨਾ

●

☼

ਪਿਛਾਖੜ ਸੋਚਣੀ ਹੈ, ਪੈਰ ਪਿੱਛੇ ਨੂੰ ਧਰੀ ਜਾਣਾ
ਨਵੇਂ ਨੂੰ ਨਿੰਦਣਾ, ਬੀਤੇ ਦੀ ਪਰਸ਼ੰਸ਼ਾ ਕਰੀ ਜਾਣਾ

ਇਹ ਜੀਵਨ ਇਕ ਹਕੀਕਤ ਹੈ ਤੇ ਇਸ ਨੂੰ ਮਾਣੀਏਂ ਪਲ-ਪਲ
ਨ ਐਵੇਂ ਮੌਤ ਬਾਰੇ ਸੋਚ ਕੇ ਪਲ-ਪਲ ਮਰੀ ਜਾਣਾ

ਨ ਤੂੰ ਫ਼ਿਤਰਤ ਬਦਲ ਅਪਣੀ, ਨਿਰੰਤਰ ਜ਼ਖ਼ਮ ਦਿੰਦਾ ਜਾਹ
ਸਮਾਂ ਪਾ ਕੇ ਮਿਰੇ ਜ਼ਖ਼ਮਾਂ ਨੇ ਆਪੇ ਹੀ ਭਰੀ ਜਾਣਾ

ਸੁਭਾਵਿਕ ਹੈ ਕਿ ਜਗਿਆਸੂ ਨੂੰ ਰਹਿੰਦੀ ਗਿਆਨ ਦੀ ਇੱਛਾ
ਤੇ ਜਾਹਲ ਨੇ ਜਹਾਲਤ ਨਾਲ ਹਰ ਪਲ ਆਫ਼ਰੀ ਜਾਣਾ

ਤੂੰ ਰਿਸ਼ਤਾ ਤੋੜਨਾ ਚਾਹੁੰਨੈ ? ਤਿਰੀ ਮਰਜ਼ੀ ਹੈ, ਜੀ ਸਦਕੇ
ਤਿਰਾ ਸਰਦੈ ਜੇ ਮੇਰੇ ਬਿਨ ਤਾਂ ਮੇਰਾ ਵੀ ਸਰੀ ਜਾਣਾ

ਸੁਖਾਵੇਂ ਜੇ ਨਹੀਂ ਹਾਲਾਤ, ਫਿਰ ਮਰ ਤਾਂ ਨਹੀਂ ਜਾਣਾ
ਅਸੀਂ ਹਾਲਾਤ ਬਦਲਣ ਵਾਸਤੇ ਚਾਰਾ ਕਰੀ ਜਾਣਾ

ਮਨਾਵਾਂ ਕਿਸ ਤਰ੍ਹਾਂ ਮੈਂ ਕ੍ਰਿਸ਼ਨ ਇਹ, ਇਹ ਚੰਚਲ ਨੇ , ਨਟਖਟ ਨੇ
ਕਿ ਬੱਚਿਆਂ ਵਾਂਗਰਾਂ ਜਜ਼ਬਾਤ ਨੇ ਤਾਂ ਵਿੱਟਰੀ ਜਾਣਾ

●

ਨਜ਼ਰ ਹੀ ਪੇਤਲੀ ਅਪਣੀ, ਇਹ ਤਹਿਆਂ ਤੀਕ ਨਾ ਪਹੁੰਚੇ
ਖੜੋਤੇ ਰਹੇ ਗਏ ਸ਼ਬਦਾਂ ਤੇ, ਅਰਥਾਂ ਤੀਕ ਨਾ ਪਹੁੰਚੇ

ਅਸੀਂ ਤਕਸੀਮ ਹੀ ਹੁੰਦੇ ਰਹੇ, ਘਟਦੇ ਰਹੇ ਹਰ ਪਲ
ਨਜ਼ਰੀਆ ਹੀ ਜੁ ਮਨਫ਼ੀ ਹੈ, ਉਹ ਜ਼ਰਬਾਂ ਤੀਕ ਨਾ ਪਹੁੰਚੇ

ਇਨ੍ਹਾਂ ਬਦਨੀਤਿਆਂ ਨੇ ਡੋਬ ਦੇਣਾ ਸੀ, ਉਨ੍ਹਾਂ ਨੂੰ ਵੀ
ਮੁਸਾਫ਼ਿਰ ਬਚ ਗਏ, ਜਿਹੜੇ ਮਲਾਹਾਂ ਤੀਕ ਨਾ ਪਹੁੰਚੇ

ਹਵਾ ਵਿਚ ਹੀ ਉਸਾਰੇ ਮਹਿਲ ਖ਼ਾਬਾਂ ਦੇ ਸਦਾ ਆਪਾਂ
ਕਿਵੇਂ ਸਾਕਾਰ ਹੁੰਦੇ ਖ਼ਾਬ, ਅਮਲਾਂ ਤੀਕ ਨਾ ਪਹੁੰਚੇ

ਅਸੀਂ ਤਾਂ ਪਰਖਦੇ ਬਾਣੇ ਨੂੰ, ਬਾਣੀ ਤਕ ਨਹੀਂ ਜਾਂਦੇ
ਨਿਗਾਹ ਸੀਮਤ ਸਰੀਰਾਂ ਤੀਕ, ਰੂਹਾਂ ਤੀਕ ਨਾ ਪਹੁੰਚੇ

ਜਹਾਲਤ ਦਾ ਹਨੇਰਾ ਢੋਂਦਿਆਂ ਹੀ ਬੀਤ ਚੱਲੇ ਹਾਂ
ਕਦੇ ਮਹਿਸੂਸ ਨਾ ਕੀਤਾ ਕਿ ਅਕਲਾਂ ਤੀਕ ਨਾ ਪਹੁੰਚੇ

ਨਹੀਂ ਤਾਂ ਖ਼ੈਰ ਕਦ ਸੀ ਕ੍ਰਿਸ਼ਨ, ਉਹ ਕੱਜੇ ਗਏ ਸਾਰੇ
ਮਿਰੇ ਸਭ ਐਬ ਸ਼ਿਅਰਾਂ ਵਿਚ, ਗੁਨਾਹਾਂ ਤੀਕ ਨਾ ਪਹੁੰਚੇ

ਅਸੀਂ ਬਸਤਰ ਨ ਪਹਿਨੇ, ਬਸਤਰਾਂ ਨੇ ਪਹਿਨਿਆ ਸਾਨੂੰ
ਕਿਸੇ ਨੇ ਪਰਖਿਆ ਤਾਂ ਰੁਤਬਿਆਂ ਤੋਂ ਪਰਖਿਆ ਸਾਨੂੰ

ਜੁ ਹਸਦੇ ਇਸ਼ਤਿਹਾਰਾਂ ਵਿਚ, ਉਹ ਮਾਡਲ ਸੋਚਦੇ ਅਕਸਰ
ਮੁਨਾਫ਼ੇ ਵਾਸਤੇ ਸੌਦਾਗਰਾਂ ਨੇ ਵਰਤਿਆ ਸਾਨੂੰ

ਲੁਟੇਰੇ ਵੀ ਇਨ੍ਹਾਂ ਦੇ ਨਾਲ ਰਲ਼ ਜਾਂਦੇ ਤਾਂ ਕੀ ਬਣਦਾ
ਕਿ ਸਾਡੇ ਆਪਣੇ ਹੀ ਰਾਹਬਰਾਂ ਨੇ ਲੁਟਿਆ ਸਾਨੂੰ

ਅਸੀਂ ਅਪਣੇ ਹੀ ਬਲਬੂਤੇ ਖਿੜੇ, ਉਹ ਫੁੱਲ ਜੰਗਲ ਦੇ
ਕਿਸੇ ਮਾਲੀ ਕਦੇ ਨਾ ਸਿੰਜਿਆ ਸੰਭਾਲ਼ਿਆ ਸਾਨੂੰ

ਕਿਸੇ ਵੇਲ਼ੇ ਜੇ ਹੋਣਾ ਪੈ ਗਿਆ ਹੈ ਰੂ-ਬ-ਰੂ ਇਸ ਦੇ
ਜ਼ਮੀਰ ਅਪਣੀ ਨੇ ਰੂੰ ਦੇ ਵਾਂਗਰਾਂ ਹੈ ਤੂੰਬਿਆ ਸਾਨੂੰ

ਬੜੀ ਚਰਚਾ ਰਹੀ ਹੈ ਕ੍ਰਿਸ਼ਨ ਜਿਸ ਦੀ, ਆਉਣ ਵਾਲ਼ਾ ਹੈ
ਕਿਤੇ ਵੀ ਇਨਕਲਾਬ ਆਉਣੇ ਦਾ ਨ ਝੌਲ਼ਾ ਪਿਆ ਸਾਨੂੰ

☼

ਕਦ ਕਿਸੇ ਦੇ ਦਿਲ ਦੀ ਗਹਿਰਾਈ 'ਚ ਜਾ ਕੇ ਦੇਖਦਾ
ਦਿਲ ਦਿਆਂ ਜ਼ਖ਼ਮਾਂ 'ਤੇ ਮੱਲ੍ਹਮ ਕੌਣ ਲਾ ਕੇ ਦੇਖਦਾ

ਜ਼ਿੰਦਗੀ ਦਾ ਹੁਸਨ ਕੁਝ ਤੈਨੂੰ ਵੀ ਆ ਜਾਂਦਾ ਨਜ਼ਰ
ਆਪਣੇ ਨੈਣਾਂ 'ਚ ਕੁਝ ਸੁਪਨੇ ਸਜਾ ਕੇ ਦੇਖਦਾ

ਹਾਰਨਾ ਜਾਂ ਜਿੱਤਣਾ ਤਾਂ ਜ਼ਿੰਦਗੀ ਦਾ ਖੇਡ ਹੈ
ਇੱਕ ਵੇਰਾਂ ਹੌਸਲਾ ਤੂੰ ਆਜ਼ਮਾ ਕੇ ਦੇਖਦਾ

ਜ਼ਿੰਦਗੀ ਨਾਟਕ, ਅਸੀਂ ਪਾਤਰ ਹਾਂ ਸਾਰੇ ਏਸ ਦੇ
ਰੋਲ ਆਪੋ ਆਪਣਾ ਹਰ ਇਕ ਨਿਭਾ ਕੇ ਦੇਖਦਾ

ਚੀਰ ਕੇ ਦਿਲ ਤਾਂ ਦਿਖਾਇਆ ਜਾ ਨਹੀਂ ਸਕਦਾ ਕਦੇ
ਦਿਲ 'ਚ ਮੋਹ ਕਿੰਨਾ ਕੁ, ਦਿਲ ਵਿਚ ਕੌਣ ਜਾ ਕੇ ਦੇਖਦਾ

ਦਰਦ ਦਾ ਅਹਿਸਾਸ ਜੇ ਹੋਵੇ ਤਾਂ ਹੋਵੇ ਕਿਸ ਤਰ੍ਹਾਂ
ਆਦਮੀ ਜਿਹੜਾ ਨ ਦਿਲ 'ਤੇ ਜ਼ਖ਼ਮ ਖਾ ਕੇ ਦੇਖਦਾ

ਕ੍ਰਿਸ਼ਨ ਤੈਨੂੰ ਦੂਸਰੇ ਦੇ ਐਬ ਹੀ ਆਉਂਦੇ ਨਜ਼ਰ
ਆਪਣੇ ਦਾਮਨ 'ਚ ਨਾ ਨਜ਼ਰਾਂ ਝੁਕਾ ਕੇ ਦੇਖਦਾ

●

ਪੁੱਛਦੇ ਨੇ ਲੋਕ ਅਕਸਰ, ਕ੍ਰਿਸ਼ਨ ਕੀ ਹੈ ਸ਼ਾਇਰੀ
ਆ ਸਕੇ ਬੁੱਲ੍ਹਾਂ ਤੇ ਨਾ, ਉਹ ਅਣਕਹੀ ਹੈ ਸ਼ਾਇਰੀ

ਗੱਚ ਭਰ ਜਾਂਦੈ ਜਦੋਂ, ਕੁਝ ਬੋਲਿਆ ਜਾਂਦਾ ਨਹੀਂ
ਬੋਲਿਆ ਜਾਂਦਾ ਨਹੀਂ ਜਦ, ਬੋਲਦੀ ਹੈ ਸ਼ਾਇਰੀ

ਦਰਦ ਦੇ ਸਹਿਰਾ 'ਚ ਹੁੰਮਸ ਨਾਲ ਘੁਟਦੇ ਦਿਲ ਜਦੋਂ
ਦਿਲ ਦੇ ਮਾਰੂਥਲ 'ਚ ਓਦੋਂ, ਰੁਮਕਦੀ ਹੈ ਸ਼ਾਇਰੀ

ਪੇਤਲੀ ਵਗਦੀ ਜੇ ਇਕ ਪਲ, ਦੂਸਰੇ ਪਲ ਕੀ ਪਤਾ
ਕਾਂਗ ਚੜ੍ਹ ਜਾਣੀ ਹੈ, ਬਰਸਾਤੀ ਨਦੀ ਹੈ ਸ਼ਾਇਰੀ

ਕਾਲ਼ ਦੇ ਵਸ ਵਿਚ ਨਹੀਂ ਹੈ, ਖ਼ਤਮ ਇਸ ਨੂੰ ਕਰ ਦਵੇ
ਜੂਨ ਸ਼ਬਦਾਂ ਦੀ ਪਵੇ, ਉਹ ਜ਼ਿੰਦਗੀ ਹੈ ਸ਼ਾਇਰੀ

ਬੈਠਦੀ ਤੱਤੀ ਤਵੀ 'ਤੇ, ਜ਼ਫ਼ਰਨਾਮਾ ਵੀ ਬਣੇ
ਜ਼ਿੰਦਗੀ ਮੁਰਦਾਦਿਲਾਂ ਵਿਚ ਫੂਕਦੀ ਹੈ ਸ਼ਾਇਰੀ

ਵਕਤ ਦੇ ਸਫ਼ਿਆਂ 'ਤੇ ਜਿਹੜੀ ਛੱਡ ਜਾਵੇ ਪੈੜ-ਚਿੰਨ
ਕ੍ਰਿਸ਼ਨ ਉਹ ਤੈਥੋਂ ਅਜੇ ਨਾ ਹੋ ਸਕੀ ਹੈ ਸ਼ਾਇਰੀ

ਦਾਅਵਾ ਉਹ ਇਨਕਲਾਬ ਦਾ ਕਿੱਧਰ ਗਿਆ ਭਲਾ
ਖੱਬਾ ਮੁਹਾਜ਼, ਕਿਸ ਤਰ੍ਹਾਂ ਬਿੱਖਰ ਗਿਆ ਭਲਾ

ਸੂਹੀ ਸਵੇਰ ਆ ਰਹੀ, ਕਿੱਧਰ ਚਲੀ ਗਈ
ਗੁਮਰਾਹ ਕੌਣ ਓਸ ਨੂੰ ਹੈ ਕਰ ਗਿਆ ਭਲਾ

ਲੋਕਾਂ ਦੀ ਲਹਿਰ ਬਣ ਸਕੀ , ਨਾ ਲੋਕ-ਲਹਿਰ ਕਿਉਂ
ਚੜ੍ਹਿਆ ਤੁਫ਼ਾਨ ਕਿਸ ਤਰ੍ਹਾਂ ਉੱਤਰ ਗਿਆ ਭਲਾ

ਯਾਭਾਂ ਦਾ ਭੇੜ ਰਹਿ ਗਿਆ, ਮੇਰਾ ਸਵਾਲ ਪਰ
ਕਿਰਦਾਰ ਇਸ ਦਰ ਕਿਵੇਂ ਨਿੱਘਰ ਗਿਆ ਭਲਾ

ਉਹ ਸਿਰ-ਲਥਾਂ ਦਾ ਕਾਫ਼ਲਾ, ਦਸਤਾ ਹਰਾਵਲਾ
ਕੁਰਬਾਨ ਹੋ ਗਿਆ ਹੈ ਜੁ ਵਿੱਸਰ ਗਿਆ ਭਲਾ

ਕਿਉਂ ਫ਼ਲਸਫ਼ੇ ਤੇ ਅਮਲ ਵਿਚ, ਬੈਠਾ ਨ ਤਾਲ-ਮੇਲ
ਲੀਹਾਂ ਤੋਂ ਇਨਕਲਾਬ ਕਿਉਂ ਉੱਤਰ ਗਿਆ ਭਲਾ

ਬਸ ਕ੍ਰਿਸ਼ਨ ਦੀ ਜ਼ੁਬਾਨ 'ਤੇ, ਇੱਕੋ ਸਵਾਲ ਹੈ
ਮੁਕਤੀ ਦਾ ਖ਼ਾਬ ਰਾਹਬਰੋ ਕੀ ਮਰ ਗਿਆ ਭਲਾ

☼

ਚੜ੍ਹ ਕੇ ਆਇਆ ਮੇਘਲਾ, ਨਾ ਪੁੱਛ, ਕੀਕਣ ਬਰਸਦਾ
ਪੀੜ ਦੀ ਉੱਠੀ ਘਟਾ, ਨੈਣਾਂ 'ਚੋਂ ਸਾਵਣ ਬਰਸਦਾ

ਤ੍ਰੇਲ ਪੈਂਦੀ ਫੁੱਲ-ਪੱਤੀਆਂ 'ਤੇ, ਕਿਵੇਂ ਹੈ ਬੂੰਦ-ਬੂੰਦ
ਸਗਲ ਪਰਕਿਰਤੀ 'ਤੇ ਹੈ, ਅਮਰਿਤ ਦਾ ਕਣ-ਕਣ ਬਰਸਦਾ

ਇਹ ਤਲਿੱਸਮ ਹੈ, ਕਿ ਜਾਦੂ ਹੈ ਕਿ ਕੋਈ ਚਮਤਕਾਰ
ਕਿਸ ਤਰ੍ਹਾਂ ਦਿਸਹੱਦਿਆਂ ਤੀਕਰ ਸੁਹੱਪਣ ਬਰਸਦਾ

ਕਿਸ ਨਜ਼ਰ ਦੇ ਨਾਲ ਦੇਖੇ, ਖੇਡਦੈ ਬੱਚਾ ਜਦੋਂ
ਮਾਂ ਦੀਆਂ ਨਜ਼ਰਾਂ 'ਚੋਂ ਮਮਤਾ, ਆਪਣਾਪਣ ਬਰਸਦਾ

ਹੁਸਨ ਤਰਕਾਲਾਂ ਦਾ ਤੱਕਾਂ, ਬਿਰਖ ਦੇ ਹੇਠਾਂ ਖੜ੍ਹਾ
ਬਿਰਖ ਦੇ ਪੱਤਰਾਂ 'ਚੋਂ ਝਰ-ਝਰ, ਨੂਰ ਕਣ-ਕਣ ਬਰਸਦਾ

ਦੂਰ ਤਕ ਵਿਛਿਆ ਹੈ ਮਾਰੂਥਲ, ਮਿਰੇ ਕਦਮਾਂ 'ਚ ਤਾਂ
ਅੱਗ ਦਾ ਗੋਲ਼ਾ ਹੈ ਸੂਰਜ, ਤੇਜ਼, ਤੀਖਣ ਬਰਸਦਾ

ਕ੍ਰਿਸ਼ਨ ਜਦ ਭਰ-ਭਰ ਕੇ ਆਉਂਦੈ, ਰੁਕਣ ਦਾ ਨਾ ਨਾਂ ਲਵੇ
ਇਹ ਕਿਸੇ ਸ਼ਾਇਰ ਦਾ ਦਿਲ ਹੈ, ਮੇਘਲਾ ਬਣ ਬਰਸਦਾ

●

ਭਟਕਦੇ ਰਾਹੀ ਨੂੰ ਮੰਜ਼ਿਲ 'ਤੇ ਪੁਚਾਉਂਦੇ ਹੁੰਦੇ
ਰਾਹ-ਦਿਸੇਰੇ ਤਾਂ ਸਦਾ, ਰਸਤਾ ਦਿਖਾਉਂਦੇ ਹੁੰਦੇ

ਅਕਲ ਵਾਲ਼ੇ ਤੁਰਨ ਸ਼ਾਹ-ਰਾਹਾਂ 'ਤੇ ਮਸਤੀ ਦੇ ਵਿਚ
ਸਿਰਫਿਰੇ ਹੀ ਤਾਂ ਨਵੇਂ ਰਸਤੇ ਬਣਾਉਂਦੇ ਹੁੰਦੇ

ਓਸ ਦੀ ਫ਼ਿਤਰਤ 'ਚ ਸ਼ਾਮਿਲ ਅੰਬਰਾਂ ਵਿਚ ਰਹਿਣਾ
ਬੋਟ ਨੂੰ ਪੰਛੀ ਨਹੀਂ ਉਡਣਾ ਸਿਖਾਉਂਦੇ ਹੁੰਦੇ

ਡਿਗਣ ਜੋ ਅਪਣੀ ਨਜ਼ਰ 'ਚੋਂ, ਉੱਠ ਨਾ ਸਕਦੇ ਮੁੜ ਕੇ
ਉਹ ਜ਼ਮਾਨੇ ਸਾਹਮਣੇ ਨਜ਼ਰਾਂ ਝੁਕਾਉਂਦੇ ਹੁੰਦੇ

ਕਰ ਕਮਲ ਕੁਝ ਨਾ ਸੰਵਾਰਨ, ਭਾਰ ਧਰਤੀ ਉੱਤੇ
ਹੱਥ ਜੋ ਅੱਟਣ ਭਰੇ, ਦੁਨੀਆ ਸਜਾਉਂਦੇ ਹੁੰਦੇ

ਆਪਣੀ ਤਕਦੀਰ ਘੜ੍ਹਦੇ ਜੋ ਕਿ ਹੱਥੀਂ ਅਪਣੇ
ਥਾਂ ਕੁ ਥਾਂ ਉਹ ਆਪਣਾ ਸਿਰ ਨਾ ਝੁਕਾਉਂਦੇ ਹੁੰਦੇ

ਪਾਉਣ ਖ਼ਾਤਿਰ ਕੁਝ ਨ ਕੁਝ, ਕੁਝ ਤਾਂ ਗਵਾਉਣਾ ਪੈਂਦੇ
ਕ੍ਰਿਸ਼ਨ ਜੋ ਕੁਝ ਨਾ ਗਵਾਉਂਦੇ, ਕੁਝ ਨ ਪਾਉਂਦੇ ਹੁੰਦੇ

☼

ਜਿੱਤਣ ਦਾ ਉਹ ਪਲ ਆਉਂਦੈ, ਆਉਂਦੇ-ਆਉਂਦੇ
ਜਿਉਂ ਬਿਰਖ 'ਤੇ ਫਲ਼ ਆਉਂਦੈ, ਆਉਂਦੇ-ਆਉਂਦੇ

ਹਰ ਜ਼ਖ਼ਮ ਹੀ ਭਰ ਜਾਂਦੈ, ਭਰਦੇ-ਭਰਦੇ
ਗ਼ਮ ਸਹਿਣ ਦਾ ਬਲ ਆਉਂਦੈ, ਆਉਂਦੇ-ਆਉਂਦੇ

ਇਕ ਗੱਲ ਮੁਸਾਫ਼ਿਰ ਸੁਣ! ਜਾਂਦਾ-ਜਾਂਦਾ
ਮੰਜ਼ਿਲ ਦਾ ਸਥਲ ਆਉਂਦੈ, ਆਉਂਦੇ-ਆਉਂਦੇ

ਨਾ ਫ਼ਿਕਰ ਮੁਸੀਬਤ ਦਾ ਕਰੀਏ ਬਹੁਤਾ
ਕੁਝ ਹੱਲ ਨਿਕਲ ਆਉਂਦੈ, ਆਉਂਦੇ-ਆਉਂਦੇ

ਚੜ੍ਹਦਾ ਹੈ ਨਵਾਂ ਸੂਰਜ, ਨਿੱਤ ਜੀਵਨ ਦਾ
ਇਕ ਵਰਕ ਉਥੱਲ ਆਉਂਦੈ, ਆਉਂਦੇ-ਆਉਂਦੇ

ਇਹ ਅੱਤ ਬੁਰੀ ਹਾਕਮ, ਆਉਂਦੈ ਇਕ ਦਿਨ ਹਾਕਮ
ਜੁ ਬਦਲ ਆਉਂਦੈ, ਆਉਂਦੇ-ਆਉਂਦੇ

ਨਾ ਕ੍ਰਿਸ਼ਨ ਗ਼ਜ਼ਲ ਮੁਸ਼ਕਿਲ, ਸਹਿਜੇ-ਸਹਿਜੇ
ਬਸ ਕਹਿਣ ਦਾ ਵਲ ਆਉਂਦੈ, ਆਉਂਦੇ ਆਉਂਦੇ

●

ਮਿਰੀ ਔਕਾਤ ਸੀ ਕਿੱਥੇ ਕਿ ਇਹ ਸੌਗਾਤ ਦੇ ਦਿੱਤੀ
ਮਿਰੀ ਮਿੱਟੀ ਨੇ ਮੈਨੂੰ ਸ਼ਾਇਰੀ ਦੀ ਦਾਤ ਦੇ ਦਿੱਤੀ

ਇਹ ਮਾਰੂਥਲ ਜਿਹਾ ਜੀਵਨ, ਮਿਰੀ ਸੰਵੇਦਨਾ ਨੇ ਪਰ
ਮਿਰੇ ਨੈਣਾਂ ਨੂੰ ਚੱਤੋ-ਪਹਿਰ ਹੀ ਬਰਸਾਤ ਦੇ ਦਿੱਤੀ

ਮਿਰੇ ਮਹਿਬੂਬ ਇਹ ਮੇਰੀ ਮੁਹੱਬਤ ਦਾ ਤਕਾਜ਼ਾ ਸੀ
ਮੈਂ ਤੈਨੂੰ ਜਿੱਤ ਦੇ ਦਿੱਤੀ ਤੇ ਖ਼ੁਦ ਨੂੰ ਮਾਤ ਦੇ ਦਿੱਤੀ

ਬੜਾ ਉਪਕਾਰ ਕੀਤਾ ਅਪਣਿਆਂ ਨੇ ਦੁੱਖ ਦੇ-ਦੇ ਕੇ
ਕਿ ਦਿਲ ਨੂੰ ਦਰਦ ਸਹਿ ਜਾਣੇ ਦੀ ਇਹ ਔਕਾਤ ਦੇ ਦਿੱਤੀ

ਨ ਮੇਰੇ ਦਰਦ ਮੁੱਕਦੇ ਨੇ, ਨ ਮੇਰੇ ਸ਼ਿਅਰ ਮੁੱਕਦੇ ਨੇ
ਇਨ੍ਹਾਂ ਨੇ ਉਮਰ ਤੋਂ ਲੰਮੀ ਗ਼ਮਾਂ ਦੀ ਰਾਤ ਦੇ ਦਿੱਤੀ

ਇਹ ਤੇਰੇ ਭਗਤ ਤੈਨੂੰ ਵੇਚ ਕੇ ਖਾ ਜਾਣਗੇ ਰੱਬਾ
ਇਨ੍ਹਾਂ ਨੂੰ ਕਿਉਂ ਭਲਾ ਤੂੰ ਆਦਮੀ ਦੀ ਜ਼ਾਤ ਦੇ ਦਿੱਤੀ

ਤਸੱਵਰ , ਵੇਦਨਾ , ਅਹਿਸਾਸ , ਜਜ਼ਬੇ , ਵਲਵਲੇ , ਸੁਪਨੇ
ਮੁਹੱਬਤ ਨੇ ਸੁਗਾਤਾਂ ਦੀ ਕਿਵੇਂ ਬਹੁਤਾਤ ਦੇ ਦਿੱਤੀ

ਉਹ ਜਿਸ ਐਨਕ 'ਚੋਂ ਦੇਖੇ, ਕ੍ਰਿਸ਼ਨ ਦਿਸਦੀ ਉਸ ਤਰ੍ਹਾਂ ਦੀ ਹੀ
ਨਜ਼ਰੀਏ ਨੇ ਹਰਿਕ ਨੂੰ ਆਪਣੀ ਕਾਇਨਾਤ ਦੇ ਦਿੱਤੀ

ਆਜ਼ਾਦੀ ਬਾਅਦ ਅਪਣੀ ਕੌਮ ਤਾਂ ਆਜ਼ਾਦ ਨਾ ਦਿਸਦੀ
ਨ ਦਿਸਦਾ ਬਾਲਪਣ ਕਿਧਰੇ, ਜਵਾਨੀ ਸ਼ਾਦ ਨਾ ਦਿਸਦੀ

ਨਜ਼ਰ ਆਉਂਦੀ ਹਰਿਕ ਨੂੰ ਲਹਿਲਹਾਉਂਦੀ ਫ਼ਸਲ ਹੀ ਕੇਵਲ
ਜੜ੍ਹਾਂ ਵਿਚ ਗਲ਼ ਗਈ ਜਿਹੜੀ ਕਦੇ ਉਹ ਖ਼ਾਦ ਨਾ ਦਿਸਦੀ

ਬੁਲੰਦੀ ਅੰਬਰਾਂ ਛੋਂਹਦੀ ਤਾਂ ਦੂਰੋਂ ਹੀ ਨਜ਼ਰ ਆਉਂਦੀ
ਕਿਸੇ ਨੂੰ ਵੀ ਇਮਾਰਤ ਦੀ ਕਦੇ ਬੁਨਿਆਦ ਨਾ ਦਿਸਦੀ

ਅਸੀਂ ਜੇ ਰਾਹਜ਼ਨਾਂ ਨੂੰ ਆਪਣੇ ਰਾਹਬਰ ਬਣਾਉਂਦੇ ਨਾ
ਤਾਂ ਸਾਡੀ ਆਉਣ ਵਾਲ਼ੀ ਨਸਲ ਇਉਂ ਬਰਬਾਦ ਨਾ ਦਿਸਦੀ

ਸਦੀ ਕੋਈ ਵੀ ਹੋਵੇ, ਉਂਗਲਾਂ 'ਤੇ ਗਿਣਨਯੋਗ ਨੇ
ਕਿਸੇ ਯੁਗ ਕ੍ਰਿਸ਼ਨ ਯੁਗ-ਪੁਰਸ਼ਾਂ ਦੀ ਉਹ ਤਾਦਾਦ ਨਾ ਦਿਸਦੀ

ਗਲ਼ੇ ਵਿਚ ਸੁਰ ਨਹੀਂ ਹੈ , ਨਾ ਹੁਨਰ ਹੈ ਪੇਸ਼ਕਾਰੀ ਦਾ
ਹੁਨਰ ਇੱਕੋ ਹੀ ਅਪਣੇ ਕੋਲ਼ ਹੈ, ਉਹ ਸ਼ਬਦਕਾਰੀ ਦਾ

ਗ਼ਜ਼ਲ ਦਾ ਸ਼ਿਅਰ ਤਾਂ ਸੌ ਵਾਰ, ਸੋਚੀਦਾ, ਵਿਚਾਰੀਦਾ
ਇਹ ਤੋਲੀਦਾ, ਤਰਾਸ਼ੀਦਾ, ਨਿਖਾਰੀਦਾ, ਸੰਵਾਰੀ ਦਾ

ਜਦੋਂ ਪਰਵਾਜ਼ ਭਰਦੇ ਨੇ, ਅਨੇਕਾਂ ਕਹਿਕਸ਼ਾਂ ਗਾਹੁੰਦੇ
ਸਫ਼ਰ ਹੈ , ਰੌਸ਼ਨੀ ਤੋਂ ਤੇਜ਼ ਖ਼ਿਆਲਾਂ ਦੀ ਉਡਾਰੀ ਦਾ

ਨ ਖਿੱਚੇ ਹੂ-ਬ-ਹੂ ਤਸਵੀਰ ਸ਼ਾਇਰ ਕੈਮਰੇ ਵਾਂਗੂੰ
ਲਹੂ ਦੇ ਨਾਲ ਕਰ ਹੁੰਦੀ, ਹੁਨਰ ਇਹ ਚਿਤਰਕਾਰੀ ਦਾ

ਪੁਆਵਾਂ ਮੁੱਲ ਇਸ ਦਾ ਸ਼ਾਇਰੀ ਨਾ ਜਿਣਸ ਹੈ ਕੋਈ
ਮੈਂ ਸ਼ਾਇਰ ਕ੍ਰਿਸ਼ਨ, ਮੈਥੋਂ ਕਸਬ ਨਾ ਹੁੰਦਾ ਵਪਾਰੀ ਦਾ

ਅਜੇਹੇ ਪਲ ਵੀ ਆਉਂਦੇ ਨੇ ਅਨੇਕਾਂ ਜ਼ਿੰਦਗੀ ਦੇ ਵਿਚ
ਕਿ ਇਕ-ਇਕ ਪਲ ਜਿਵੇਂ ਅਪਣਾ ਹੈ ਸੂਲ਼ੀ 'ਤੇ ਗੁਜ਼ਾਰੀ ਦਾ

☼

ਪਛਾਣੇ ਕੌਣ ਚਿੰਤਕ ਨੂੰ ਕਿਸੇ ਦਾਨੇ ਬਿਨਾਂ
ਅਧੂਰਾ ਹੈ ਗੁਰੂ ਨਾਨਕ ਵੀ ਮਰਦਾਨੇ ਬਿਨਾਂ

ਤਕਾਜ਼ਾ ਵਕਤ ਦਾ ਚਿੰਤਨ ਬਿਨਾਂ ਸਰਦਾ ਨਹੀਂ
ਗ਼ਜ਼ਲ ਹੁਣ ਦੀ ਲਵੇਗੀ ਸਾਰ ਮੈਖ਼ਾਨੇ ਬਿਨਾਂ

ਭੰਨਾਉਂਦਾ ਅਕਲ ਵਾਲ਼ਾ ਆਪਣਾ ਮੱਥਾ ਕਦੋਂ
ਕਿ ਪਰਬਤ ਚੀਰਦਾ ਹੈ ਕੌਣ ਦੀਵਾਨੇ ਬਿਨਾਂ

ਨ ਸ਼ਾਇਰ ਨੂੰ ਮਿਲੇ ਕੁਝ ਦਾਦ ਦੇ ਬਿਨ ਜ਼ਿੰਦਗੀ ਭਰ
ਕਰੇ ਉਹ ਉਮਰ ਭਰ ਮਿਹਨਤ ਮਿਹਨਤਾਨੇ ਬਿਨਾਂ

ਸਰੋਤੇ ਹਾਂ, ਜਾਂ ਪਾਠੀ ਹਾਂ, ਨਹੀਂ ਪਾਠਕ ਅਸੀਂ
ਤੇ ਸੁਣਦੇ ਕੁਝ ਨਹੀਂ ਹਾਂ ਹੋਰ ਅਫ਼ਸਾਨੇ ਬਿਨਾਂ

ਬਿਨਾਂ ਪਾਠਕ ਦੇ ਪੁਸਤਕ ਦਾ ਨ ਕੌਡੀ ਮੁੱਲ ਵੀ
ਸ਼ਮਾਂ ਦੀ ਕਦਰ ਕੀ ਪੈਣੀ ਹੈ ਪਰਵਾਨੇ ਬਿਨਾਂ

ਗ਼ਜ਼ਲ ਦੇ ਸ਼ਿਅਰ ਕੁਝ ਮੈਂ ਕਰ ਦਿਆਂ ਤੇਰੀ ਨਜ਼ਰ
ਮੁੜੀ ਨਾ ਕ੍ਰਿਸ਼ਨ ਦਰ ਤੋਂ ਤੂੰ ਨਜ਼ਰਾਨੇ ਬਿਨਾਂ

●

☼

ਚਲੋ ਇਹ ਮੰਨਦੇ ਹਾਂ, ਜਾਬਤਾ ਹਰ ਹਾਲ ਚਾਹੀਦਾ
ਕਰਾਫ਼ਟ ਹੀ ਨਹੀਂ ਕਾਫ਼ੀ, ਗ਼ਜ਼ਲ ਵਿਚ ਖ਼ਿਆਲ ਚਾਹੀਦਾ

ਇਹ ਸੁੱਚੇ ਲਾਲ ਨੇ, ਪੁਖ਼ਰਾਜ ਨੇ, ਮੋਤੀ ਨੇ, ਹੀਰੇ ਨੇ
ਕਿ ਹਰ ਇਕ ਸ਼ਬਦ ਨੂੰ ਜੜ੍ਹਨਾ ਕਰੀਨੇ ਨਾਲ ਚਾਹੀਦਾ

ਨਿਛਾਵਰ ਹੋ ਗਈ ਉਸ ਤੋਂ, ਕਹੇ ਪੂਰਨ ਕੀ ਸੁੰਦਰਾਂ ਨੂੰ
ਮੈਂ ਯੋਗੀ ਹਾਂ, ਨ ਮੈਨੂੰ ਮੋਤੀਆਂ ਦਾ ਥਾਲ਼ ਚਾਹੀਦਾ

ਇਹ ਸੌ ਨਖ਼ਰੇ ਦਿਖਾਉਂਦੀ ਹੈ , ਗ਼ਜ਼ਲ ਐਵੇਂ ਨ ਆਉਂਦੀ ਹੈ
ਰਵਾਨੀ, ਤਰਲਤਾ, ਲੈਅਬੱਧਤਾ, ਸੁਰਤਾਲ ਚਾਹੀਦਾ

ਕਮੀ ਪੇਸ਼ੀ ਵੀ ਰਹਿ ਜਾਂਦੀ, ਨ ਸੰਪੂਰਨ ਕਿਤੇ ਕੋਈ
ਜਿਨ੍ਹਾਂ ਨੇ ਖੱਲ ਹੀ ਲਾਹੁਣੀ, ਉਨ੍ਹਾਂ ਨੂੰ ਵਾਲ਼ ਚਾਹੀਦਾ

ਜ਼ਮੀਰ ਅਪਣੀ ਦੇ ਸਾਹਵੇਂ ਸੁਰਖ਼ਰੂ ਹੋਣਾ ਹੀ ਪੈਂਦਾ ਹੈ
ਜੇ ਹੋਵੇ ਦੋਸ਼ ਤਾਂ, ਉਸ ਦੋਸ਼ ਦਾ ਇਕਬਾਲ ਚਾਹੀਦਾ

ਬੜਾ ਕੁਝ ਸਿੱਖਣਾ ਚਾਹਾਂ, ਬੜਾ ਕੁਝ ਸਮਝਣਾ ਚਾਹਾਂ
ਨ ਮੈਨੂੰ ਕ੍ਰਿਸ਼ਨ ਇਕ ਉਸਤਾਦ, ਮੈਨੂੰ ਬਾਲ ਚਾਹੀਦਾ
●

☼

ਓਹੀ ਦੇਵੇ ਰੌਸ਼ਨੀ, ਸਹਿ ਲੈਂਦਾ ਜੋ ਸੇਕ
ਇਕ ਦੀਵੇ ਤੋਂ ਕ੍ਰਿਸ਼ਨ ਫਿਰ, ਦੀਵੇ ਬਲ਼ਣ ਅਨੇਕ

ਠੋਕਰ ਖਾਧੀ ਦੇ ਬਿਨਾਂ, ਨਾ ਬਣਦਾ ਇਨਸਾਨ
ਬਾਂਸ ਬਣੇ ਨਾ ਬੰਸਰੀ, ਜਦ ਤਕ ਪੈਣ ਨਾ ਛੇਕ

ਹਰ ਇਕ ਸਿੱਪੀ ਵਿਚ ਨਾ, ਕਰ ਮੋਤੀ ਦੀ ਭਾਲ
ਹਰ ਇਕ ਬੰਦੇ ਤੋਂ ਮਨਾਂ, ਤੂੰ ਨਾ ਭਾਲ ਵਿਵੇਕ

ਵਿਹਲੇ , ਵ੍ਹਲ਼ੇ ਹੱਥ ਨਾ, ਬਦਲ ਸਕਣ ਤਕਦੀਰ
ਹੋਣੀ ਬਦਲਣ ਵਾਸਤੇ, ਰੱਖ ਅੱਟਣਾਂ 'ਤੇ ਟੇਕ

ਧੀ ਜੰਮੀ ਤਾਂ ਓਸ ਦੇ, ਸੰਘ 'ਚ ਅੜ ਗਏ ਬੋਲ
ਗਾਉਂਦਾ ਸੀ ਹੀਰ ਨਿੱਤ, ਉੱਚੀ ਲਾ ਕੇ ਹੇਕ

ਮਤਲਬ ਮੌਕੇ ਲਾਉਣ ਜੋ, ਨਿਉਂ-ਨਿਉਂ ਗੋਡੀਂ ਹੱਥ
ਮਤਲਬ ਨਿਕਲੇ, ਜਾਣ ਉਹ, ਦੂਰੋਂ ਮੱਥਾ ਟੇਕ

ਦੂਜੇ ਦੇ ਘਰ ਜਾਪਦੀ, ਕ੍ਰਿਸ਼ਨ ਬਸੰਤਰ ਅੱਗ
ਲਾਂਬੂ ਨਿਕਲੇ ਪਰ ਜਦੋਂ, ਖ਼ੁਦ ਨੂੰ ਲਗਦੇ ਸੇਕ

●

☼

ਬਣੀ ਸੰਭਾਵਨਾ ਰਹਿੰਦੀ ਹੈ ਠੋਕਰ ਖਾਣ ਦੀ ਹਰ ਪਲ
ਤਬੀਅਤ ਵਿਚ ਵਸੀ ਹੈ ਕਾਹਲ਼, ਕੁਛ ਕਰ ਜਾਣ ਦੀ ਹਰ ਪਲ

ਘੜੀ ਨਜ਼ਦੀਕ ਹੈ ਉਹ ਜਾਣਦੀ, ਮੁਰਝਾਣ ਦੀ ਹਰ ਪਲ
ਲਗਨ ਰਹਿੰਦੀ ਕਲੀ ਨੂੰ ਤਾਂ, ਫ਼ਿਜ਼ਾ ਮਹਿਕਾਣ ਦੀ ਹਰ ਪਲ

ਉਹ ਸਿਰਜਕ ਨੇ, ਜਿਨ੍ਹਾਂ ਨੂੰ ਫ਼ਿਕਰ ਹੈ ਨਿਰਮਾਣ ਦੀ ਹਰ ਪਲ
ਭਗੌੜੇ ਨੇ, ਜੁ ਰਹਿੰਦੇ ਸੋਚਦੇ ਨਿਰਵਾਣ ਦੀ ਹਰ ਪਲ

ਜਿਨ੍ਹਾਂ ਦੇ ਪੈਰ ਧਰਤੀ 'ਤੇ, ਉਨ੍ਹਾਂ ਨੂੰ ਡਰ ਨਹੀਂ ਹੁੰਦਾ
ਬੁਲੰਦੀ ਵਾਲ਼ਿਆਂ ਨੂੰ ਫ਼ਿਕਰ ਹੈ ਗਿਰ ਜਾਣ ਦੀ ਹਰ ਪਲ

ਜ਼ਮਾਨੇ ਦੀ ਬੜੀ ਹੀ ਮਿਹਰ, ਹਰ ਪਲ ਜ਼ਖ਼ਮ ਦਿੰਦਾ ਹੈ
ਨਹੀਂ ਫ਼ੁਰਸਤ, ਪੁਰਾਣੇ ਜ਼ਖ਼ਮ ਨੂੰ ਸਹਿਲਾਣ ਦੀ ਹਰ ਪਲ

ਜ਼ਮਾਨੇ ਦੀ ਗਤੀ ਏਨੀ, ਅਸੀਂ ਪਲ ਰੁਕ ਨਹੀਂ ਸਕਦੇ
ਕਿ ਮਨ ਵਿਚ ਫ਼ਿਕਰ ਹੀ ਰਹਿੰਦੀ, ਪਿਛਾਂਹ ਰਹਿ ਜਾਣ ਦੀ ਹਰ ਪਲ

ਮਿਲੀ ਸ਼ੁਹਰਤ ਜਦੋਂ ਦੀ, ਉਹ ਬੜੇ ਬੇਚੈਨ ਰਹਿੰਦੇ ਨੇ
ਰਹੇ ਚਿੰਤਾ ਉਨ੍ਹਾਂ ਨੂੰ ਕ੍ਰਿਸ਼ਨ, ਆਦਰ-ਮਾਣ ਦੀ ਹਰ ਪਲ

●

☼

ਮੈਂ ਵਗਦੀ ਪੌਣ ਹਾਂ ਬੇ-ਸ਼ਕ, ਮਿਰੀ ਮੰਜ਼ਿਲ ਨਹੀਂ ਕੋਈ
ਤੂਫ਼ਾਨੀ ਲਹਿਰ ਹਾਂ, ਕਿਧਰੇ ਮਿਰਾ ਸਾਹਿਲ ਨਹੀਂ ਕੋਈ

ਮੈਂ ਰੁਕ ਸਕਦਾ ਨਹੀਂ ਪਲ ਵਾਸਤੇ ਵੀ, ਮੌਤ ਹੈ ਰੁਕਣਾ
ਮੈਂ ਦਿਲ ਹਾਂ ਦਿਲ ਕਿ ਰੁਕ ਸਕਦਾ ਕਦੇ ਵੀ ਦਿਲ ਨਹੀਂ ਕੋਈ

ਮੈਂ ਖ਼ੁਦ ਨੂੰ ਵੰਡਣਾ ਹੀ ਲੋਚਦਾਂ, ਜਿੰਨਾ ਵੀ ਹੋ ਸਕਦਾ
ਕਿ ਅਪਣੇ ਵਾਸਤੇ ਮੈਂ ਭਾਲਦਾ ਹਾਸਿਲ ਨਹੀਂ ਕੋਈ

ਮੈਂ ਏਨਾ ਜਾਣਦਾਂ ਕਿ ਗਿਆਨ ਦੀ ਸੀਮਾ ਨਹੀਂ ਹੁੰਦੀ
ਤੇ ਮੈਨੂੰ ਮਾਣ ਹੈ ਮੇਰੇ ਜਿਹਾ ਜਾਹਿਲ ਨਹੀਂ ਕੋਈ

ਹਰਿਕ ਦੀ ਆਪਣੀ ਪਹਿਚਾਣ ਹੁੰਦੀ ਹੈ, ਇਸੇ ਕਰ ਕੇ
ਕਿਸੇ ਨੂੰ ਵੀ ਕਿਸੇ ਵਰਗਾ ਤਾਂ ਸਕਦਾ ਮਿਲ ਨਹੀਂ ਕੋਈ

ਮੈਂ ਹੁਣ ਤੀਕਰ, ਕੁਈ ਸ਼ਾਹਕਾਰ ਪੈਦਾ ਕਰ ਨਹੀਂ ਸਕਿਆ
ਕਿਸੇ ਤਾਰੀਫ਼ ਦੀ ਰਚਨਾ ਮਿਰੀ ਕਾਬਿਲ ਨਹੀਂ ਕੋਈ

ਕਿਸੇ ਮਹਿਫ਼ਿਲ ਦਾ ਹਾਣੀ ਕ੍ਰਿਸ਼ਨ ਹੁਣ ਤਕ ਹੋ ਨਹੀਂ ਸਕਿਆ
ਜਾਂ ਮੇਰੇ ਹਾਣ ਦੀ ਕਿਧਰੇ ਕਿਤੇ ਮਹਿਫ਼ਿਲ ਨਹੀਂ ਕੋਈ

●

ਮੈਂ ਅੰਬਰ ਵੀ ਨ ਛੋਹ ਸਕਿਆ, ਨ ਧਰਤੀ 'ਤੇ ਖੜ੍ਹੋ ਸਕਿਆ
ਨ ਰਹਿ ਸਕਿਆ ਸਿਧਾਰਥ ਮੈਂ, ਤੇ ਨਾ ਮੈਂ ਬੁੱਧ ਹੋ ਸਕਿਆ

ਕਲਮ ਨੇ ਖੋਲ੍ਹ ਦਿੱਤੇ ਪਾਜ਼, ਮੈਂ ਕਰਦਾ ਤਾਂ ਕੀ ਕਰਦਾ
ਛੁਪਾਏ ਸੀ ਜੋ ਦਿਲ ਵਿਚ ਰਾਜ਼, ਮੈਂ ਉਹ ਨਾ ਲੁਕੋ ਸਕਿਆ

ਮੁਸੀਬਤ ਦੇ ਸਮੇਂ ਦਿੱਤਾ ਸਹਾਰਾ ਨਾ ਤੁਸੀਂ ਮੈਨੂੰ
ਤੁਹਾਡਾ ਸ਼ੁਕਰੀਆ ਤਾਂ ਹੀ ਤਾਂ ਮੈਂ ਪੈਰੀਂ ਖੜ੍ਹੋ ਸਕਿਆ

ਕਿਤੇ ਮਾਸੂਮੀਅਤ ਦੇ ਵਿਚ ਗੁਨਾਹ ਜੋ ਹੋ ਗਿਆ ਮੈਥੋਂ
ਵਗੀ ਗੰਗਾ ਜਦੋਂ ਨੈਣਾਂ 'ਚੋਂ, ਅਪਣੇ ਪਾਪ ਧੋ ਸਕਿਆ

ਮੈਂ ਤੈਨੂੰ ਕੀਮਤੀ ਤੁਹਫ਼ਾ ਨ ਦੇ ਸਕਦਾ, ਮੈਂ ਸ਼ਾਇਰ ਹਾਂ
ਲੈ ਤੇਰੇ ਵਾਸਤੇ ਸ਼ਬਦਾਂ ਦੇ ਕੁਛ ਮੋਤੀ ਪਰੋ ਸਕਿਆ

ਮੈਂ ਤੋੜਾਂ ਓਸ ਨੂੰ, ਇਹ ਤਾਂ ਕਦੇ ਸੁਪਨੇ 'ਚ ਨਾ ਸੋਚਾਂ
ਕਿਤੇ ਮੈਲ਼ੀ ਨ ਹੋ ਜਾਵੇ, ਕਲੀ ਨੂੰ ਮੈਂ ਨ ਛੋਹ ਸਕਿਆ

ਮਿਟੇ ਮੇਰੀ ਨ ਜਗਿਆਸਾ ਇਹ ਮੇਰੀ ਹੋਂਦ ਦੀ ਹੋਣੀ
ਨਹੀਂ ਤਾਂ ਹੋਣ ਨੂੰ ਉਂਝ ਕ੍ਰਿਸ਼ਨ ਕੀ ਦੁਨੀਆ 'ਤੇ ਨ ਹੋ ਸਕਿਆ

☼

ਕਰੇ ਸ਼ਰਧਾ ਨੇ ਪੈਦਾ, ਪਲ਼ ਰਹੇ ਅਗਿਆਨ ਦੇ ਉੱਤੇ
ਨ ਰਾਹੂ ਹੈ, ਨ ਕੇਤੂ ਹੈ, ਕਿਤੇ ਅਸਮਾਨ ਦੇ ਉੱਤੇ

ਤੁਸੀਂ ਹੱਥੀਂ ਲੁਟਾਉਂਦੇ ਕਿਰਤ ਅਪਣੀ ਭੋਲ਼ਿਉ ਲੋਕੋ
ਪੁਜਾਰੀ ਵਰਗ ਪਲ਼ਦਾ ਹੈ, ਤੁਹਾਡੇ ਦਾਨ ਦੇ ਉੱਤੇ

ਅਸੀਂ ਕੰਪਿਊਟਰਾਂ ਉੱਤੇ ਬਣਾਉਂਦੇ ਹਾਂ ਜਨਮ ਪੱਤਰੀ
ਜਹਾਲਤ ਦਾ ਹੈ ਪਰਦਾ ਪਾ ਲਿਆ ਵਿਗਿਆਨ ਦੇ ਉੱਤੇ

ਉਪਾ ਇੱਕੋ ਮੁਸੀਬਤ ਦਾ, ਮੁਸੀਬਤ ਨਾਲ ਆਢਾ ਲਾ
ਮੁਸੀਬਤ ਪੁੱਛ ਕੇ ਪੈਂਦੀ ਨਹੀਂ, ਇਨਸਾਨ ਦੇ ਉੱਤੇ

ਨਹੀਂ ਕੁਝ ਬੋਲਦਾ, ਪਥਰਾ ਗਿਆ ਹੈ ਇਹ ਬੜੇ ਚਿਰ ਦਾ
ਕਿ ਦਹਿਸ਼ਤ ਪੈ ਗਈ ਸ਼ੈਤਾਨ ਦੀ ਭਗਵਾਨ ਦੇ ਉੱਤੇ

ਵਪਾਰੀ ਵਰਗ ਫ਼ਸਲਾਂ ਦਾ ਮੁਨਾਫ਼ਾ ਖਾ ਲਵੇ ਸਾਰਾ
ਕਿ ਹਰ ਇਕ ਫ਼ਸਲ 'ਤੇ ਕਰਜ਼ਾ ਚੜ੍ਹੇ ਕਿਰਸਾਨ ਦੇ ਉੱਤੇ

ਅਜੋਕੇ ਰਿਸ਼ਤਿਆਂ 'ਚੋਂ ਮੋਹ ਮੁਹੱਬਤ ਜਾ ਰਿਹਾ ਮਰਦਾ
ਕਿ ਰਿਸ਼ਤੇ ਟੁੱਟਦੇ ਬਣਦੇ, ਨਫ਼ੇ ਨੁਕਸਾਨ ਦੇ ਉੱਤੇ

ਸਿਆਸਤ ਦਾ ਹੈ ਅਪਰਾਧੀਕਰਣ ਹੁਣ ਹੋ ਗਿਆ ਏਨਾ
ਹਮੇਸ਼ਾ ਮਾਫ਼ੀਆ ਹਾਵੀ ਰਹੇ ਮਤਦਾਨ ਦੇ ਉੱਤੇ

ਸਮਝ ਕੇ ਕ੍ਰਿਸ਼ਨ ਰਾਹਬਰ ਲਗ ਪਏ ਰਾਹਜ਼ਨ ਦੇ ਪਿੱਛੇ ਕਿਉਂ
ਲਿਆ ਬੈਠੇ ਅਸੀਂ ਈਮਾਨ ਬੇਈਮਾਨ ਦੇ ਉੱਤੇ

●

☼

ਅਜੇ ਤਲਵਾਰ ਨੂੰ ਜੇ ਸਾਣ 'ਤੇ ਲਾਉਣਾ ਨਹੀਂ ਆਉਂਦਾ
ਤਾਂ ਪਾ ਨੈਣਾਂ 'ਚ ਨਾ ਸੁਰਮਾ, ਜੇ ਮਟਕਾਉਣਾ ਨਹੀਂ ਆਉਂਦਾ

ਕਿਸੇ ਦੀ ਪੀੜ ਕੀ ਮਹਿਸੂਸ ਕਰਨੀ ਹੈ ਭਲਾ ਉਸ ਨੇ
ਕਿਸੇ ਦੀ ਪੀੜ ਦੇ ਵਿਚ ਦਿਲ ਜੇ ਤੜਪਾਉਣਾ ਨਹੀਂ ਆਉਂਦਾ

ਮਿਰੇ ਪੈਰਾਂ 'ਚ ਜਦ ਪੁੜਦੇ ਨੇ, ਤਿੱਖੀ ਤੋਰ ਕਰਦੇ ਨੇ
ਇਨ੍ਹਾਂ ਕੰਡਿਆਂ ਨੂੰ ਫੁੱਲਾਂ ਵਾਂਗ ਮੁਰਝਾਉਣਾ ਨਹੀਂ ਆਉਂਦਾ

ਜੇ ਨ੍ਹੇਰਾ ਦੂਰ ਕਰਨਾ, ਸੇਕ ਤਾਂ ਸਹਿਣਾ ਹੀ ਪੈਣਾ ਹੈ
ਲਹੂ ਬਾਲ਼ੇ ਬਿਨਾ ਤਾਂ ਪੰਧ ਰੁਸ਼ਨਾਉਣਾ ਨਹੀਂ ਆਉਂਦਾ

ਮੈਂ ਅਪਣੀ ਆਪ ਮਿੱਟੀ ਪੁੱਟਦਾ ਫਿਰਦਾਂ, ਕਿਹਾ ਉਸ ਨੇ
ਕਿ ਪਰਦਾ ਆਪਣੇ ਐਬਾਂ 'ਤੇ ਵੀ ਪਾਉਣਾ ਨਹੀਂ ਆਉਂਦਾ

ਜੋ ਤੇਰੇ ਨਾਲ ਗੁਜ਼ਰੇ, ਖ਼ੂਬਸੂਰਤ ਪਲ ਕਿਵੇਂ ਮੋੜਾਂ
ਸਮੇਂ ਨੂੰ ਤਾਂ ਪਿਛਾਹਾਂ ਪਰਤ ਕੇ ਆਉਣਾ ਨਹੀਂ ਆਉਂਦਾ

ਇਹ ਕੱਚਾ ਹੈ ਕਿ ਪੱਕਾ ਹੈ, ਮੈਂ ਇਸ ਨੂੰ ਪਰਖ ਕੇ ਦੇਖਾਂ
ਮੁਸੀਬਤ ਦੇ ਬਿਨਾਂ ਤਾਂ ਸਿਦਕ ਅਜ਼ਮਾਉਣਾ ਨਹੀਂ ਆਉਂਦਾ

ਪੁਰਾਣਾ ਨਿੱਕ ਸੁਕ ਜੇ ਪਤਝੜਾਂ ਨਾ ਹੁੰਝਕੇ ਸੁੱਟਣ
ਬਹਾਰਾਂ ਨੂੰ ਇਕੱਲਿਆਂ ਬਾਗ਼ ਮਹਿਕਾਉਣਾ ਨਹੀਂ ਆਉਂਦਾ

ਜ਼ਮਾਨੇ ਭਰ ਨੂੰ ਸਮਝਾਉਣੇ ਦਾ ਠੇਕਾ ਲੈ ਲਵਾਂ ਕੀਕਣ
ਕਿ ਮੈਨੂੰ ਆਪਣੇ ਦਿਲ ਨੂੰ ਤਾਂ ਸਮਝਾਉਣਾ ਨਹੀਂ ਆਉਂਦਾ

ਤਿਰੀ ਤਸਵੀਰ ਨਾ ਅਖ਼ਬਾਰ ਦੇ ਵਿਚ ਕ੍ਰਿਸ਼ਨ ਕਿੱਧਰੇ ਵੀ
ਕਿ ਅਪਣਾ ਜ਼ਿਕਰ ਵੀ ਤੈਨੂੰ ਤਾਂ ਕਰਵਾਉਣਾ ਨਹੀਂ ਆਉਂਦਾ

●

ਹਕੀਕਤ ਹੈ, ਅਸੀਂ ਨਾ ਝੂਠ ਫ਼ੁਰਮਾਉਂਦੇ, ਗੁਰੂ ਬਖ਼ਸ਼ੇ
ਜੇ ਕਹੀਏ ਸੱਚ, ਲੋਕੀ ਖਾਣ ਨੂੰ ਆਉਂਦੇ, ਗੁਰੂ ਬਖ਼ਸ਼ੇ

ਬਣੇ ਦਸ਼ਮੇਸ਼ ਜੀ, ਅਮਰਤ ਛਕਣ ਤੋਂ ਬ੍ਹਾਦ ਸਿੰਘ ਸਿੰਘੋ
ਅਸੀਂ ਤਾਂ ਜੰਮਦੇ ਹੀ ਸਿੰਘ ਅਖਵਾਉਂਦੇ, ਗੁਰੂ ਬਖਸ਼ੇ

ਛੁਰੀ ਹੈ ਬਗਲ ਦੇ ਵਿਚ, ਮੂੰਹ ਦੇ ਉੱਤੇ ਰਾਮ ਦਾ ਨਾਂ ਹੈ
ਅਸੀਂ ਬਗਲੇ ਭਗਤ ਨੂੰ ਮਾਤ ਹਾਂ ਪਾਉਂਦੇ, ਗੁਰੂ ਬਖ਼ਸ਼ੇ

ਕੁਈ ਮੰਦਾ ਨਾ ਆਖੇ ਓਸ ਨੂੰ, ਰਾਜਾਨ ਜਿਤ ਜੰਮੇ
ਅਸੀਂ ਧੀ ਕੁੱਖ ਵਿਚ ਹੀ ਕਤਲ ਕਰਵਾਉਂਦੇ ਗੁਰੂ ਬਖ਼ਸ਼ੇ

ਕਰੋ ਦਾਤਾਰ ਕਿਰਪਾ, ਹੁਣ ਤਾਂ ਰੁੱਖੀ ਖਾ ਨਹੀਂ ਹੁੰਦੀ
ਪਰਾਈ ਚੋਪੜੀ ਨੂੰ ਦੇਖ ਲਲਚਾਉਂਦੇ, ਗੁਰੂ ਬਖਸ਼ੇ

ਗੁਰੂ ਮ੍ਹਾਰਾਜ ਦਾ ਪਰਕਾਸ਼ ਕਰਵਾਉਂਦੇ ਹਾਂ ਘਰ ਦੇ ਵਿਚ
ਤੇ ਸੰਤਾਂ ਦੇ ਵੀ ਚਰਨੀ ਹੱਥ ਜਾ ਲਾਉਂਦੇ, ਗੁਰੂ ਬਖ਼ਸ਼ੇ

ਮਕਾਰੀ, ਝੂਠ, ਠੱਗੀ, ਛਲ਼, ਦਗ਼ੇਬਾਜ਼ੀ ਵੀ ਕਰੀਏ, ਪਰ
ਸਵੇਰੇ ਨਿਤ ਗੁਰੂ ਘਰ ਭੁੱਲ ਬਖ਼ਸ਼ਾਉਂਦੇ, ਗੁਰੂ ਬਖ਼ਸ਼ੇ

ਭਲੇਮਾਣਸ ਦੇ ਗਲ਼ ਵਿਚ ਪੱਗ ਪਾਉਂਣੋਂ ਨਾ ਕਦੇ ਟਲੀਏ
ਕੁਪੱਤੇ ਦੇ ਹਾਂ ਪੈਰੀਂ ਪੱਗ ਜਾ ਲਾਉਂਦੇ, ਗੁਰੂ ਬਖ਼ਸ਼ੇ

ਮਿਰੇ ਵਰਗੇ ਨਾ ਜਿਹੜੇ ਪਾਠਸ਼ਾਲਾ ਮੂਹਰ ਦੀ ਲੰਘੇ
ਅਸੀਂ ਮ੍ਹਾਰਾਜ ਪੰਡਤ ਕ੍ਰਿਸ਼ਨ ਅਖ਼ਵਾਉਂਦੇ ਗੁਰੂ ਬਖ਼ਸ਼ੇ

ਰੁਕਾਂ ਮੈਂ ਇਸ ਜਗ੍ਹਾ, ਸਹਿਮਤ ਜ਼ਰਾ ਵੀ ਦਿਲ ਨਹੀਂ
ਇਹ ਮੰਜ਼ਿਲ ਤਾਂ ਪੜਾਅ ਹੈ, ਆਖ਼ਰੀ ਮੰਜ਼ਿਲ ਨਹੀਂ

ਜਦੋਂ ਤੜਪੇ ਤਾਂ ਲਗਦਾ ਹੈ ਕਿ ਜਿਉਂਦਾ, ਜਾਗਦੈ
ਕਿਸੇ ਦੀ ਪੀੜ ਵਿਚ ਤੜਪੇ ਨਾ ਦਿਲ, ਤਾਂ ਦਿਲ ਨਹੀਂ

ਤੁਸੀਂ ਬਸ ਦੌੜਦੇ ਜਾਵੋ, ਤੁਹਾਡੇ ਨਾਲ ਹਾਂ
ਤੁਹਾਡੇ ਨਾਲ ਹਾਂ ਮੈਂ, ਦੌੜ ਵਿਚ ਸ਼ਾਮਿਲ ਨਹੀਂ

ਮੈਂ ਕਿੰਨੇ ਪਾਣੀਆਂ ਵਿਚ ਹਾਂ, ਜਦੋਂ ਮੈਂ ਪਰਖਦਾ
ਇਹ ਮੰਝਧਾਰਾਂ ਹੀ ਤਾਂ ਦੱਸਣ, ਕਦੇ ਸਾਹਿਲ ਨਹੀਂ

ਮੈਂ ਇਸ ਦੇ ਯੋਗ ਹੋਵਾਂਗਾ, ਮਿਰਾ ਵਾਅਦਾ ਰਿਹਾ
ਮੈਂ ਏਡੇ ਮਾਣ ਦੇ ਹੋਇਆ, ਅਜੇ ਕਾਬਿਲ ਨਹੀਂ

ਨਿਖਾਰਨ ਦਾ, ਸੰਵਾਰਨ ਦਾ, ਸਦਾ ਮੌਕਾ ਮਿਲੇ
ਰਹੀ ਖ਼ੁਸ਼ਕਿਸਮਤੀ ਮੇਰੀ ਕਿ ਮੈਂ ਕਾਮਿਲ ਨਹੀਂ

ਜੁ ਕਹੀਆਂ ਕੁਝ ਕੁ ਗ਼ਜ਼ਲਾਂ ਚੱਜ ਦੀਆਂ ਮੈਂ ਕ੍ਰਿਸ਼ਨ ਉਹ
ਮਿਰਾ ਹਾਸਿਲ ਨੇ, ਉਸਤਾਦੀ ਮਿਰਾ ਹਾਸਿਲ ਨਹੀਂ

ਇਹ ਭਾਵੇਂ ਵਰਤਣੇ ਇਕ ਵਾਰ, ਚੁਕਣੇ ਉਮਰ ਭਰ ਪੈਂਦੇ
ਹਿਫ਼ਾਜ਼ਤ ਵਾਸਤੇ ਹਥਿਆਰ, ਚੁੱਕਣੇ ਉਮਰ ਭਰ ਪੈਂਦੇ

ਜੇ ਮਨ 'ਤੇ ਹੋ ਗਏ ਅਸਵਾਰ, ਚੁੱਕਣੇ ਉਮਰ ਭਰ ਪੈਂਦੇ
ਜਹਾਲਤ, ਹੂੜ ਮੱਤ, ਹੰਕਾਰ, ਚੁੱਕਣੇ ਉਮਰ ਭਰ ਪੈਂਦੇ

ਕਿਵੇਂ ਇਨਕਾਰ ਕਰ ਸਕਦਾਂ, ਕਿ ਅਪਣੀ ਜਾਨ ਹਾਜ਼ਰ ਹੈ
ਇਹ ਨਖ਼ਰੇ ਤਾਂ ਮਿਰੀ ਸਰਕਾਰ, ਚੁੱਕਣੇ ਉਮਰ ਭਰ ਪੈਂਦੇ

ਬਿਗਾਨੇ ਹੱਥ ਨਾ ਦਈਏ, ਕਦੇ ਵੀ ਆਪਣੀ ਬੇੜੀ
ਲਗਾਉਣੀ ਪਾਰ, ਤਾਂ ਪਤਵਾਰ ਚੁੱਕਣੇ ਉਮਰ ਭਰ ਪੈਂਦੇ

ਇਨ੍ਹਾਂ ਨੂੰ ਭਾਰ ਨਾ ਸਮਝੋ, ਕਿ ਅਪਣੇ ਮੋਢਿਆਂ ਉੱਤੇ
ਇਹ ਘਰ, ਪਰਿਵਾਰ, ਕਾਰੋਬਾਰ, ਚੁੱਕਣੇ ਉਮਰ ਭਰ ਪੈਂਦੇ

ਕਿਸੇ ਹੀਲੇ, ਬਹਾਨੇ ਜੇ, ਸਜ਼ਾ ਤੋਂ ਬਚ ਵੀ ਜਾਂਦੇ ਤਾਂ
ਗੁਨਾਹਾਂ ਦੇ ਮਨਾਂ ਤੋਂ ਭਾਰ, ਚੁੱਕਣੇ ਉਮਰ ਭਰ ਪੈਂਦੇ

ਪਕੜੀਏ ਬਾਂਹ ਜਿਨ੍ਹਾਂ ਦੀ ਕ੍ਰਿਸ਼ਨ ਤਾਂ ਫਿਰ ਪਿੱਠ ਨਾ ਦਈਏ
ਇਹ ਜ਼ਿੰਮੇ ਤਾਂ ਐ ਬਰਖ਼ੁਰਦਾਰ, ਚੁੱਕਣੇ ਉਮਰ ਭਰ ਪੈਂਦੇ

ਜ਼ਰੂਰੀ ਜ਼ਿੰਦਗੀ ਖ਼ਾਤਿਰ ਹੈ , ਮੀਰੀ ਵੀ ਤੇ ਪੀਰੀ ਵੀ
ਮਗਰ ਇਨਸਾਨੀਅਤ ਹੈ ਸ਼ਰਤ , ਪਹਿਲੀ ਵੀ , ਅਖ਼ੀਰੀ ਵੀ

ਦਿਮਾਗ਼ੀ ਤੌਰ 'ਤੇ ਰੌਸ਼ਨ ਬੜਾ ਸ਼ੈਤਾਨ ਵੀ ਹੁੰਦੈ
ਕਲਾ ਰੌਸ਼ਨ ਦਿਮਾਗ਼ੀ ਹੀ ਨਹੀਂ , ਰੌਸ਼ਨ ਜ਼ਮੀਰੀ ਵੀ

ਜਦੋਂ ਤਕ ਹਿਤ ਨ ਟਕਰਾਉਂਦੇ , ਉਦੋਂ ਤਕ ਸਾਂਝ ਪੁਗਦੀ ਹੈ
ਜੁੜੀ ਹੁੰਦੀ ਹੈ ਦੁਸ਼ਮਣ ਨਾਲ ਨਜ਼ਦੀਕੀ ਸਕੀਰੀ ਹੈ

ਰਹੇ ਬੇਲਾਗ , ਸੁਣਿਆਂ ਹੈ ਕਿਸੇ ਦਰਵੇਸ਼ ਦੀ ਖ਼ਾਤਿਰ
ਨ ਕੋਈ ਅਰਥ ਰੱਖਦੀ ਹੈ, ਗ਼ਰੀਬੀ ਵੀ , ਅਮੀਰੀ ਵੀ

ਰਿਹਾ ਇਤਿਹਾਸ ਦੇ ਵਿਚ ਜ਼ਿਕਰ , ਦੋਹਾਂ ਦਾ ਬਰਾਬਰ ਹੀ
ਚਲੀ ਆਉਂਦੀ ਹੈ ਮੁੱਢੋਂ , ਬਾਦਸ਼ਾਹੀ ਵੀ , ਫ਼ਕੀਰੀ ਵੀ

ਤੂੰ ਅਪਣੇ ਵਿਤ ਮੁਤਾਬਕ ਕ੍ਰਿਸ਼ਨ ਕਹਿਦਾ ਰਹਿ ਗ਼ਜ਼ਲ ਅਪਣੀ
ਗ਼ਜ਼ਲਗੋਆਂ ਦੀ ਨਾਲੋਂ ਨਾਲ , ਲਾਉਂਦਾ ਰਹਿ ਪਨੀਰੀ ਵੀ

ਜੇ ਇਕ ਪਲ ਮੰਨਦੇ ਮਨ, ਦੂਸਰੇ ਪਲ ਹੀ ਨ ਮਨ ਮੰਨੇ
ਦੁਚਿੱਤੀ 'ਚੋਂ ਜੇ ਨਿੱਕਲਦੇ, ਅਸੀਂ ਲਗਦੇ ਕਿਸੇ ਬੰਨੇ

ਬਚੋਗੇ ਕਿਸ ਤਰ੍ਹਾਂ ਪ੍ਰਸੂਤ ਪੀੜਾ ਲਾਜ਼ਮੀ ਸਹਿਣੀ
ਕਿਸੇ ਦੇ ਜ਼ਿਹਨ ਦੇ ਵਿਚ, ਖ਼ਿਆਲ ਜਦ ਅੰਗੜਾਈਆਂ ਭੰਨੇ

ਤੁਸੀਂ ਹੋ ਨਜ਼ਮ ਕਹਿਦੇ ਵਾਰਤਕ ਦੀਆਂ ਟੁਕੜੀਆਂ ਲਿਖ-ਲਿਖ
ਗਿਣੀ ਜਾਂਦੇ ਅਸੀਂ ਲਾਵਾਂ, ਦੁਲਾਵਾਂ, ਬਿੰਦੀਆਂ, ਕੰਨੇ

ਭੁਲੇਖਾ ਸਿਰਜ ਲੈਂਦੇ ਮਨ 'ਚ ਉੱਚਾ ਹੋਣ ਦਾ ਜਿਹੜੇ
ਉਹ ਅਪਣਾ ਕੱਦ ਮਾਪਣ, ਦੂਸਰੇ ਦੇ ਜੋ ਚੜ੍ਹੇ ਕੰਨ੍ਹੇ

ਅਸੀਂ ਨੀਵਾਂ ਦਿਖਾ ਕੇ ਦੂਸਰੇ ਨੂੰ, ਖ਼ੁਸ਼ ਬੜੇ ਹੁੰਦੇ
ਤੇ ਬੌਨੀ ਸੋਚ ਏਨੀ, ਸਮਝਦੇ ਖ਼ੁਦ ਨੂੰ ਅਸੀਂ ਫੰਨੇ

ਕਿਤਾਬੀ ਜੂਨ ਦੇ ਵਿਚ ਪੈਣ ਲਿਖਤਾਂ, ਫਿਰ ਕਿਤੇ ਜਾ ਕੇ
ਜਦੋਂ ਵਿਕ ਜਾਣ ਅਪਣੇ ਲੇਖਕਾਂ ਦੇ ਕੌਲੀਆਂ, ਛੰਨੇ

ਬੜਾ ਕੁਝ ਅਣਕਿਹਾ ਮਨ ਵਿਚ , ਅਜੇ ਤਕ ਕਹਿ ਨਹੀਂ ਹੋਇਆ
ਅਸੀ ਉਂ ਕ੍ਰਿਸ਼ਨ ਲਿਖ-ਲਿਖ ਕੇ ਬੜੇ ਕਾਲ਼ੇ ਕਰੇ ਪੰਨੇ

ਨ ਬੁੱਲਾਂ ਨੂੰ, ਮੈਂ ਫੁੱਲ ਪੱਤੀਆਂ, ਨ ਨੈਣਾਂ ਨੂੰ, ਕੰਵਲ ਕਹਿੰਦਾ
ਮਿਰਾ ਮਹਿਬੂਬ ਰੁੱਸੇ, ਜੇ ਨ ਮੈਂ ਉਸ ਨੂੰ 'ਗ਼ਜ਼ਲ' ਕਹਿੰਦਾ

ਤਿਰੇ ਧਰਮਾਂ ਦੇ ਠੇਕੇਦਾਰ ਕਹਿੰਦੇ ਨਾਸਤਕ ਮੈਨੂੰ
ਕਿ ਮੈਂ ਮਜ਼ਦੂਰ ਦੀ ਲੁੱਟ ਨੂੰ, ਨਹੀਂ ਕਰਮਾਂ ਦਾ ਫਲ਼ ਕਹਿੰਦਾ

ਇਹ ਦਸਤਕ ਵੀ ਨਹੀਂ ਦਿੰਦੀ, ਇਹ ਬੂਹੇ ਭੰਨ੍ਹ ਕੇ ਆਉਂਦੀ
ਗ਼ਜ਼ਲ ਹੁਣ ਖ਼ੁਦ ਲਿਖੇ ਮੈਨੂੰ, ਨਹੀਂ ਹੁਣ ਮੈਂ ਗ਼ਜ਼ਲ ਕਹਿੰਦਾ

ਇਹ ਤੇਰਾ ਫ਼ਲਸਫ਼ਾ ਖੋਟਾ, ਕਰੇ ਪਰਵਾਨ ਜੋ ਹੋਣੀ
ਖ਼ਰਾ ਉਹ ਫ਼ਲਸਫ਼ਾ ਜੋ 'ਆਪਣੀ ਹੋਣੀ ਬਦਲ' ਕਹਿੰਦਾ

ਮਿਰੇ ਮਨ 'ਚੋਂ ਇਹ ਬੋਲੇ ਕੌਣ, ਬਾਗ਼ੀ ਹੋਣ ਨੂੰ ਆਖੇ
ਮਿਰੇ ਮਨ 'ਚੋਂ ਇਹ ਬੋਲੇ ਕੌਣ, 'ਦੁਨੀਆ ਨਾਲ ਰਲ਼' ਕਹਿੰਦਾ

ਬੁਲੰਦੀ ਖਿੱਚਦੀ ਮੈਨੂੰ, ਮੈਂ ਲੋਚਾਂ ਅੰਬਰੀਂ ਉਡਣਾ
ਨ ਅਪਣੇ ਪੈਰ ਛੱਡ ਜਾਵੀਂ, ਮਿਰੇ ਪੈਰਾਂ ਦਾ ਥਲ ਕਹਿੰਦਾ

ਮੈਂ ਸਾਹ ਤਾਂ ਲੈ ਲਵਾਂ ਪਲ ਭਰ, ਕਿਸੇ ਪਲ ਜਦ ਕਦੇ ਸੋਚਾਂ
ਨਹੀਂ ਮੁੜਨਾ ਕਦੇ, 'ਲੈ ਜਾਣ ਲੱਗਾ ਹਾਂ', ਉਹ ਪਲ ਕਹਿੰਦਾ

ਮਿਰੇ ਪੈਰਾਂ ਦੇ ਛਾਲੇ ਦੇਖ, ਕਹਿੰਦੀ ਅਕਲ 'ਹੁਣ ਰੁਕ ਜਾ'
'ਨਹੀਂ ਰੁਕਣਾ ਕਿਤੇ ਵੀ ਕ੍ਰਿਸ਼ਨ ਤੂੰ' ਅੱਖਰਾ ਕਮਲ਼ ਕਹਿੰਦਾ

ਮੁਸੱਵਿਰ ਨੇ ਇਹ ਜ਼ਿੰਮਾ ਲੈ ਲਿਆ ਹੈ, ਆਪਣੇ ਉੱਤੇ
ਉਲੀਕੇ ਨਕਸ਼ ਪੌਣਾਂ ਦੇ, ਉਹ ਅੰਬਰ ਦੇ ਸਫ਼ੇ ਉੱਤੇ

ਕਦੇ ਨਾ ਰੋਕ ਲਗ ਸਕਦੀ ਹੈ, ਖ਼ਿਆਲਾਂ 'ਤੇ, ਨ ਜਜ਼ਬੇ 'ਤੇ
ਨ ਪਿਆਸ ਉੱਤੇ, ਨ ਪਿਆਰ ਉੱਤੇ, ਕਲੀ ਦੇ ਮਹਿਕਣੇ ਉੱਤੇ

ਕਰੇ ਹੰਕਾਰ ਉਹ ਕਾਹਦਾ, ਸਮੁੰਦਰ ਹੈ ਤਾਂ ਕੀ ਹੋਇਆ
ਸਲਾਮਤ ਹੋਂਦ ਹੈ ਉਸ ਦੀ ਤਾਂ, ਇਕ-ਇਕ ਬੂੰਦ ਦੇ ਉੱਤੇ

ਸਮੇਂ ਦੀ ਧੂੜ ਦੇ ਵਿਚ ਗੁੰਮ ਜਾਂਦਾ, ਨਾਮ ਉਹਨਾਂ ਦਾ
ਜੇ ਸੋਹਣੀ ਠਿੱਲਦੀ ਉਸ ਰਾਤ ਨਾ ਕੱਚੇ ਘੜੇ ਉੱਤੇ

ਮੈਂ ਜਣਨੀ ਹਾਂ ਚੁਰਾਸੀ ਲੱਖ ਜੂਨਾਂ ਦੀ, ਸਰਿਸ਼ਟੀ ਹਾਂ
ਇਹ ਮੇਰੀ ਹੀ ਤਾਂ ਮਾਇਆ ਹੈ, ਸਗਲ ਬ੍ਰਹਿਮੰਡ ਦੇ ਉੱਤੇ

ਦਿਸ਼ਾ ਤੋਂ ਜਦ ਭਟਕ ਜਾਂਦਾ, ਤਾਂ ਠੋਕਰ ਲੱਗਣੀ ਹੁੰਦੀ
ਤੇ ਠੋਕਰ ਹੀ ਲਿਆਉਂਦੀ ਆਦਮੀ ਨੂੰ ਰਾਸਤੇ ਉੱਤੇ

ਨਹੀਂ ਮਿਟਦਾ ਇਹ ਸਦੀਆਂ ਤਕ , ਦਿਲਾਂ 'ਤੇ ਉਕਰਿਆ ਜਾਂਦੈ
ਨਹੀਂ ਵਸ ਕਾਲ਼ ਦਾ ਵੀ ਕ੍ਰਿਸ਼ਨ ਕਲਮਾਂ ਦੇ ਲਿਖੇ ਉੱਤੇ